ਗੁਰਦੁਆਰਾ ਸੁਧਾਰ ਲਹਿਰ ਦੇ ਯੋਧੇ

# ਜਥੇਦਾਰ ਕਾਹਨ ਸਿੰਘ 'ਅਕਾਲੀ'



ਲੇਖਕ

ਜੋਗਿੰਦਰ ਸਿੰਘ ਸੇਖੋਂ

ਗੁਰਦੁਆਰਾ ਸੁਧਾਰ ਲਹਿਰ ਦੇ ਸਿਪਾਹੀ

# ਜਥੇਦਾਰ ਕਾਹਨ ਸਿੰਘ ਅਕਾਲੀ

ਲੇਖਕ

ਜੋਗਿੰਦਰ ਸਿੰਘ 'ਸੇਖੋਂ'

## ਜਾਣ ਪਛਾਣ:-

ਅਜ ਮੈਨੂੰ ਬਹੁਤ ਖੁਸ਼ੀ ਹੋ ਰਹੀ ਹੈ ਕਿ ਮੈਂ ਆਜ਼ਾਦੀ ਦੇ ਸਿਰਲੱਥ ਘੁਲਾਟੀਆਂ ਵਿੱਚੋਂ ਇਕ ਐਸੇ ਸੂਰਬੀਰ ਨੂੰ ਪੰਜਾਬੀ ਜੰਤਾ ਦੇ ਸਾਹਮਣੇ ਲਿਆ ਰਿਹਾ ਹਾਂ ਜਿਹੜਾ ਆਪਣੇ ਨਿਰਮਾਣ ਸੁਭਾਅ ਅਤੇ ਗੁਮਨਾਮ ਰਹਿ ਕੇ ਸੇਵਾ ਕਰਨ ਦੀ ਆਦਤ ਕਾਰਨ ਅੱਜ ਤਕ ਸਾਹਮਣੇ ਨਹੀਂ ਸੀ ਆ ਸਕਿਆ।

ਸ: ਕਾਹਨ ਸਿੰਘ ਜੀ 'ਆਕਾਲੀ' ਨੇ ਆਪਣੇ ਜੀਵਨ ਦੇ ਬਿਹਤਰੀਨ ਸਾਲ 'ਗੁਰਦੁਆਰਾ ਸੁਧਾਰ ਲਹਿਰ' ਅਤੇ ਸਿੱਖੀ ਦੇ ਨਾਮ ਲਾਏ। ਗੁਰਦੁਆਰਾ ਸੁਧਾਰ ਲਹਿਰ ਨਾਂ ਵੱਲੋਂ ਤਾਂ ਇਕ ਧਾਰਮਿਕ ਲਹਿਰ ਹੀ ਪ੍ਰਤੀਤ ਹੁੰਦੀ ਸੀ, ਪਰ ਆਜ਼ਾਦੀ ਦੇ ਘੋਲ ਵਿੱਚ ਜਿੰਨਾਂ ਇਸ ਲਹਿਰ ਦਾ ਯੋਗਦਾਨ ਹੈ ਸ਼ਾਇਦ ਹੀ ਕਿਸੇ ਹੋਰ ਦਾ ਹੋਵੇ। ਇਸ ਲਹਿਰ ਨੇ ਪੰਜਾਬੀ ਜਨਤਾ ਵਿੱਚ ਜਾਗ੍ਰਿਤੀ ਲਿਆਂਦੀ, ਉਤਸ਼ਾਹ ਭਰਿਆ ਅਤੇ ਗੁਰੂ ਦੇ ਨਾਮ ਅਤੇ ਆਪਣੇ ਹਕ ਵਾਸਤੇ ਮਰ ਮਿਟਣ ਦਾ ਜਜ਼ਬਾ ਪ੍ਰਦਾਨ ਕੀਤਾ। ਨਨਕਾਣਾ ਸਾਹਿਬ ਵਿਖੇ ਖ਼ੂਨ ਦੀਆਂ ਹੋਲੀਆਂ ਖੇਡਣੀਆਂ, ਆਪਣੇ ਲਹੂ ਮਿੱਝ ਨਾਲ ਰੇਲਾਂ ਨੂੰ ਬਰੇਕਾਂ ਲਾਉਣੀਆਂ, ਦਸ ਗੁਣਾਂ ਵੱਧ ਪੁਲਿਸ ਅਤੇ ਫੌਜ ਦੇ ਘੇਰੇ ਵਿੱਚੋਂ ਵੀ ਸਰੀਰ ਚੂਰ ਚੂਰ ਕਰਵਾ ਕੇ ਗੁਰੂ ਕੇ ਬਾਗ ਪਹੁੰਚਣਾ ਅਤੇ ਨਰਕ ਤੋਂ ਵੱਧ ਤਸੀਹਿਆਂ ਭਰੀ ਨਾਭਾ ਜੇਲ੍ਹ ਵਿੱਚੋਂ ਸਾਬਤ ਸਬੂਤ ਨਿਕਲਣਾ ਸਿਖਾਉਣਾ ਇਸੇ ਲਹਿਰ ਦਾ ਹੀ ਕੰਮ ਹੈ। ਇਸ ਲਹਿਰ ਦੀ ਇਕ ਖ਼ਾਸ ਸਿਫ਼ਤ ਇਹ ਵੀ ਰਹੀ ਹੈ ਕਿ ਪੈਦਾ ਹੁੰਦਿਆਂ ਹੀ ਇਸ ਦਾ ਸਿੱਧਾ ਮੁਕਾਬਲਾ ਅੰਗਰੇਜ਼ੀ ਸਰਕਾਰ ਨਾਲ ਪੈ ਗਿਆ ਅਤੇ ਇਸ ਨੇ ਕਦੀ ਵੀ ਗਿੱਦੜ ਚਲਾਕੀਆਂ ਜਾਂ ਵਲ-ਵਲਾਵੀਆਂ ਦਾ ਰਸਤਾ ਨਹੀਂ ਅਪਣਾਇਆ, ਸਗੋਂ ਸਿੱਧੀ ਤਰ੍ਹਾਂ ਸਰਕਾਰੀ ਅਤੇ ਮਸੰਦੀ ਜ਼ੁਲਮ ਦਾ ਟਾਕਰਾ ਕਰਕੇ ਉਸਦੇ ਦੰਦ ਭੰਨੇ। ਜਿਹੜਾ ਵੀ ਕੋਈ ਇਕ ਵਾਰ ਇਸ ਲਹਿਰ ਨਾਲ ਸੰਬੰਧਿਤ ਹੋ ਗਿਆ ਉਸ ਨੇ ਜੀਵਨ ਭਰ ਦੁੱਖ ਕਸ਼ਟ ਤੋਂ ਹਾਰ ਨਹੀਂ ਮੰਨੀ। ਕਿੰਨੇ ਅਚੰਭੇ ਦੀ ਗੱਲ ਹੈ ਕਿ ਪੰਜਾਬ ਦਾ ਹਰ ਸਿੱਖ ਲੀਡਰ ਚਾਹੇ ਉਹ ਆਕਾਲੀ ਹੈ, ਕਾਂਗਰਸੀ ਹੈ ਜਾਂ ਕਮਿਊਨਿਸਟ, ਸਭ ਨੂੰ ਤਿਆਰ ਕਰਨ ਵਾਲੀ 'ਗੁਰਦੁਆਰਾ ਸੁਧਾਰ ਲਹਿਰ' ਹੀ ਹੈ।

'ਗੁਰਦੁਆਰਾ ਸੁਧਾਰ ਲਹਿਰ' ਜਥੇਦਾਰ ਤੇਜਾ ਸਿੰਘ ਭੁੱਚਰ 'ਅਕਾਲੀ' ਦੇ ਦਿਮਾਗ਼ ਅਤੇ ਫ਼ੌਲਾਦੀ ਜਿਗਰੇ ਦੀ ਕਾਢ ਸੀ। ਸ: ਕਾਹਨ ਸਿੰਘ ਜੀ ਲਹਿਰ ਦੇ ਸ਼ੁਰੂ ਤੋਂ ਹੀ ਉਹਨਾਂ ਦੇ ਨਾਲ ਮਿਲ ਗਏ ਸਨ ਅਤੇ ਅੰਤ ਤਕ ਉਹਨਾਂ ਦਾ ਸਾਥ ਹੀ ਨਹੀਂ ਦਿੰਦੇ ਰਹੇ, ਸਗੋਂ ਲਹਿਰ ਦੀ ਜਿੰਦ-ਜਾਨ ਬਣ ਕੇ ਰਹੇ। ਭਾਰਤ ਸਰਕਾਰ ਨੇ ਉਹਨਾਂ ਦੀ ਕੁਰਬਾਨੀ ਅਤੇ ਸੇਵਾ ਭਾਵਨਾ ਨੂੰ ਮੁਖ ਰੱਖਦਿਆਂ ਉਹਨਾਂ ਨੂੰ ਤਾਮਰ ਪੱਤਰ ਨਾਲ ਸਨਮਾਨਿਆਂ ਅਤੇ ਪੈਨਸ਼ਨ ਲਗਾਈ ਹੈ। ਇਹ ਉਹਨਾਂ ਦੀ ਕੁਰਬਾਨੀ ਦਾ ਮੁੱਲ ਤਾਂ ਨਹੀਂ, ਪਰ ਉਹਨਾਂ ਨੇ ਕੀਮਤ ਲੈਣ ਵਾਸਤੇ ਕੁਰਬਾਨੀ ਕੀਤੀ ਹੀ ਨਹੀਂ ਸੀ। ਉਹ ਤਾਂ ਮੁਹ-ਮਾਇਆ ਤੋਂ ਨਿਰਲੇਪ ਖ਼ਾਲਸਾ ਸੇਵਕ ਅਤੇ ਦੇਸ਼ ਭਗਤ ਹਨ।

ਜੋਗਿੰਦਰ ਸਿੰਘ "ਸੇਖੋਂ"

## ਮੁਢਲਾ ਜੀਵਨ:-

ਸ: ਕਾਹਨ ਸਿੰਘ ਅਕਾਲੀ ਜੀ ਦਾ ਜਨਮ 20 ਜਨਵਰੀ ਸੰਨ 1897 ਈ: ਵਿਚ ਪਿੰਡ ਅਮੀਸ਼ਾਹ (ਖਾਲੜਾ ਸਰਹੱਦ ਲਾਗੇ) ਜ਼ਿਲ੍ਹਾ ਅੰਮ੍ਰਿਤਸਰ ਵਿਚ ਹੋਇਆ। ਉਹ ਨੌਂ ਸਾਲਾਂ ਦੇ ਸਨ। ਜਦ ਉਹਨਾਂ ਦੇ ਵੱਡਿਆਂ ਨੂੰ 46 ਚੱਕ, ਤਹਿਸੀਲ ਚੂਨ੍ਹੀਆਂ ਜ਼ਿਲ੍ਹਾ ਲਾਹੌਰ ਵਿਚ ਆਬਾਦ ਕਰਨ ਲਈ ਮੁਰੱਬੇ ਮਿਲ ਗਏ ਤੇ ਉਹ ਪ੍ਰਵਾਰਾਂ ਸਮੇਤ ਉੱਥੇ ਜਾ ਵੱਸੇ। ਉੱਥੇ ਉਹਨਾਂ ਨੇ ਪਿੰਡ ਵਿਚ ਕੱਚਾ ਗੁਰਦੁਆਰਾ ਬਣਾਇਆ। ਸ: ਕਾਹਨ ਸਿੰਘ ਆਪਣੇ ਹਮ-ਉਮਰਾਂ ਨਾਲ ਗੁਰਦੁਆਰੇ ਦੇ ਗ੍ਰੰਥੀ ਪਾਸੋਂ ਗੁਰਮੁਖੀ ਪੜ੍ਹਨ ਲੱਗ ਪਏ। ਪੜ੍ਹਾਈ ਦੀ ਉਹਨਾਂ ਨੂੰ ਐਸੀ ਲਗਨ ਲੱਗੀ ਕਿ ਉਹਨਾਂ ਨੇ ਛੋਟੀ ਉਮਰ ਵਿਚ ਹੀ ਬਹੁਤ ਸਾਰੀਆਂ ਧਾਰਮਿਕ ਕਿਤਾਬਾਂ ਪੜ੍ਹ ਲਈਆਂ ਅਤੇ ਬਾਣੀਆਂ ਕੰਠ ਕਰ ਲਈਆਂ। ਹੌਲੀ ਹੌਲੀ ਉਹਨਾਂ ਨੇ ਵੱਡੀ ਉਮਰ ਦੇ ਆਦਮੀਆਂ ਨੂੰ ਵੀ ਰਾਤ ਪੜ੍ਹਾਉਣਾ ਸ਼ੁਰੂ ਕਰ ਦਿੱਤਾ। ਉਹ ਰੋਜ਼ਾਨਾ ਗੁਰਦੁਆਰੇ ਸ਼ਬਦ ਕੀਰਤਨ ਕਰਦੇ, ਨਵੇਂ ਸ਼ਬਦ ਆਪ ਕੰਠ ਕਰਦੇ ਤੇ ਦੂਜੇ ਸਾਥੀਆਂ ਨੂੰ ਕਰਵਾਉਂਦੇ। ਉਹਨਾਂ ਨੇ ਆਪਣੇ ਸਾਥੀਆਂ ਤੋਂ ਇਹ ਪ੍ਰਣ ਲਿਆ ਸੀ ਕਿ ਹਰ ਰੋਜ਼ ਇਕ ਸ਼ਬਦ ਯਾਦ ਕਰਨਾ ਹੈ ਤਾਂ ਕਿ ਜੇ ਕਿਤੇ ਸਾਰੀ ਰਾਤ ਵੀ ਸ਼ਬਦ ਕੀਰਤਨ ਕਰਨਾ ਪਵੇ ਤਾਂ ਇੱਕੋ ਹੀ ਜਥਾ ਪ੍ਰੋਗਰਾਮ ਨਿਭਾ ਸਕੇ। ਜਿੱਥੇ ਕਿਤੇ ਵੀ ਸਿਖੀ ਪ੍ਰਚਾਰ ਦਾ ਜਲਸਾ ਹੁੰਦਾ ਉਹ ਜ਼ਰੂਰ ਪਹੁੰਚਦੇ ਭਾਈ ਬਿਸ਼ਨ ਸਿੰਘ ਮਿਸਤਰੀ ਜਿਹੜਾ ਕਿ ਕਾਹਨ ਸਿੰਘ ਹੁਰਾਂ ਦੇ ਖੂਹ ਦਾ ਮਹਿਲ ਅਤੇ ਟੂਟੀਆਂ ਬਨਾਉਣ ਆਇਆ ਸੀ ਬਹੁਤ ਦੇਰ ਉਹਨਾਂ ਦੇ ਪਿੰਡ ਰਿਹਾ। ਉਹ ਹਰ ਰੋਜ਼ ਸ਼ਾਮ ਨੂੰ ਘੰਟਾ ਡੇਢ ਘੰਟਾ ਛੋਟੀਆਂ ਸੰਗਤਾਂ ਨੂੰ ਸਿੱਖ ਇਤਿਹਾਸ ਅਤੇ ਗੁਰਸਿੱਖੀ ਬਾਰੇ ਬੜਾ ਦਿਲਚਸਪ ਲੈਕਚਰ ਦਿੰਦਾ।

ਪਿੰਡ ਤੇ ਭੁਜੰਗੀ ਜਥੇ ਨੇ ਪਿੰਡ ਵਿੱਚੋਂ ਉਗਰਾਹੀ ਕਰਕੇ ਇਕ 'ਗੁਰਪੁਰਬ ਫੰਡ' ਕਾਇਮ ਕੀਤਾ। ਉਸ ਨਾਲ ਉਹ ਦਸਾਂ ਪਾਤਸ਼ਾਹੀਆਂ ਦੇ ਜਨਮ ਦਿਨ ਅਤੇ ਹੋਰ ਸਿੱਖੀ ਤਿਉਹਾਰ ਬੜੀ ਧੂਮਧਾਮ ਨਾਲ ਮਨਾਉਂਦੇ। ਸ: ਕਾਹਨ ਸਿੰਘ ਦੇ ਛੋਟੇ ਭਰਾ ਸ: ਦਰਬਾਰਾ ਸਿੰਘ ਅਤੇ ਸ: ਸੁਲੱਖਣ ਸਿੰਘ ਅੰਮ੍ਰਿਤਸਰ ਦੇ ਅਖਾੜੇ ਵਿੱਚੋਂ ਗਤਕਾ ਸਿੱਖਣ ਗਏ ਅਤੇ ਇਸ ਕਸਬ ਦੇ ਚੰਗੇ ਮਾਹਿਰ ਹੋ ਕੇ ਪਿੰਡ ਪਰਤੇ। ਪਿੰਡ ਆ ਕੇ ਉਹਨਾਂ ਨੇ ਹੋਰ ਨੌਜਵਾਨਾਂ ਨੂੰ ਵੀ ਇਹ ਹੁਨਰ ਸਿਖਾਇਆ। ਜਦੋਂ ਜਲੂਸ ਦੇ ਅੱਗੇ ਉਹ ਗਤਕੇ, ਤਲਵਾਰ, ਅਤੇ ਮਰਹੱਟੀਆਂ ਦਾ ਪ੍ਰਦਰਸ਼ਨ ਕਰਦੇ ਹੋਏ ਚੱਲਦੇ ਤਾਂ ਜਲੂਸ ਨੂੰ ਚਾਰ ਚੰਨ ਲੱਗ ਜਾਂਦੇ। ਛੋਟੇ ਜਿਹੇ ਪਿੰਡ ਵਾਸਤੇ ਇਹ ਇੱਕ ਅਲੌਕਿਕ ਨਜ਼ਾਰਾ ਹੁੰਦਾ। ਇੰਜ ਇੱਥੇ ਉਹਨਾਂ ਨੇ ਆਪਣੇ ਪਿੰਡ ਦੀ ਸ਼ਾਨ ਵਧਾਈ। ਉੱਥੇ ਪਿੰਡ ਦੇ ਨੌਜਵਾਨ ਲੋੜ ਪੈਣ 'ਤੇ ਡਾਂਗਾਂ ਚਲਾਉਣ ਦੇ ਵੀ ਚੰਗੇ ਅਭਿਆਸੀ ਹੋ ਗਏ।

ਭਾਵੇਂ ਪਿੰਡ ਦੇ ਸਾਰੇ ਵਸਨੀਕ ਤਿਆਰ ਬਰ ਤਿਆਰ ਸਿੰਘ ਨਹੀਂ ਸਨ। ਪਰ ਫਿਰ ਵੀ ਉਹਨਾਂ ਦਾ ਸਾਰਾ ਪਿੰਡ ਸਿੱਖੀ ਅਸੂਲਾਂ 'ਤੇ ਚੱਲਣ ਲੱਗ ਪਿਆ ਸੀ। ਲੋਕ ਸਭ

ਰਸਮਾਂ ਰਿਵਾਜਾਂ ਨੂੰ ਛੱਡ ਕੇ ਕੇਵਲ ਗੁਰੂ ਘਰ ’ਤੇ ਹੀ ਵਿਸ਼ਵਾਸ਼ ਰੱਖਣ ਲੱਗ ਪਏ ਸਨ। ਉਹ ਗੁਰਦੁਆਰੇ ਚੰਗੇ ਚੰਗੇ ਚੜ੍ਹਾਵੇ ਵੀ ਚੜਾਉਂਦੇ ਸਨ। ਫਿਰ ਉਹਨਾਂ ਕੱਚੇ ਗੁਰਦੁਆਰੇ ਦੀ ਥਾਂ ਪੱਕਾ ਗੁਰਦੁਆਰਾ ਉਸਾਰ ਲਿਆ। ਜੋ ਬੜਾ ਆਲੀਸ਼ਾਨ ਸੀ। ਗਿਆਨੀ ਸੁੰਦਰ ਸਿੰਘ ਵਰਗੇ ਗੁਣੀ ਗਿਆਨੀ ਦਾ ਡੇਰਾ ਉੱਥੇ ਕਰਵਾਇਆ। ਉਹ ਬਹੁਤ ਚੰਗੇ ਕਥਾਕਾਰ, ਕੀਰਤਨੀਏ ਅਤੇ ਗੁਰਬਾਣੀ ਦੇ ਰਸੀਏ ਸਨ। ਉਹਨਾਂ ਨੇ ਛੋਟੀ ਸੰਗਤ ਦੀ ਬੜੀ ਮਦਦ ਕੀਤੀ।

ਕੁਝ ਦੇਰ ਮਗਰੋਂ ਦਿੱਲੀ ਵਿੱਚ ਗੁਰਦੁਆਰਾ ਰਕਾਬ ਗੰਜ ਦੀ ਕੰਧ ਢਾਹ ਕੇ ਸਰਕਾਰ ਨੇ ਸੜਕ ਸਿੱਧੀ ਕਰ ਲਈ। ਇਸ ’ਤੇ ਸਿੱਖ ਸੰਗਤਾਂ ਵਿੱਚ ਬੜਾ ਰੋਹ ਪੈਦਾ ਹੋਇਆ। ਕੰਧ ਬਨਾਉਣ ਵਾਸਤੇ ਪੰਜਾਬ ਤੋਂ ਜਥੇ ਜਾਣ ਲੱਗੇ। ਸਃ ਕਾਹਨ ਸਿੰਘ ਵੀ ਆਪਣੇ ਚਾਰ ਸਾਥੀਆਂ ਨਾਲ ਤਿਆਰ ਹੋਏ ਪਰ ਉਦੋਂ ਤੱਕ ਸਰਕਾਰ ਨੇ ਫਿਰ ਉੱਥੇ ਹੀ ਕੰਧ ਬਣਵਾ ਦਿੱਤੀ। ਇੰਜ ਕੁਰਬਾਨੀ ਦੀ ਪਹਿਲੀ ਸਧਰ ਉਹਨਾਂ ਦੇ ਦਿਲ ਵਿਚ ਹੀ ਰਹਿ ਗਈ। ਫਿਰ ਗੁਰਦੁਆਰਾ ਸੁਧਾਰ ਲਹਿਰ ਚੱਲ ਪਈ ਅਤੇ ਉਹਨਾਂ ਨੇ ਬਕਾਇਦਾ ਜਥੇਬੰਦੀ ਵਿਚ ਆਕੇ ਪੰਥਕ ਕੰਮ ਕਰਨੇ ਸ਼ੁਰੂ ਕਰ ਦਿੱਤੇ।

ਉਹ ਹਰ ਸਿੱਖ ਮੂਵਮੈਂਟ ਵਿਚ ਵੱਧ ਚੜ੍ਹ ਕੇ ਹਿੱਸਾ ਲੈਂਦੇ ਰਹੇ ਸਨ। ਨਨਕਾਣਾ ਸਾਹਿਬ ਦਾ ਮੋਰਚਾ, ਪੰਜਾ ਸਾਹਿਬ ਦਾ ਮੋਰਚਾ, ਪਸ਼ੌਰ, ਖਡੂਰ ਸਾਹਿਬ, ਅਕਾਲ ਤਖ਼ਤ ਅੰਮ੍ਰਿਤਸਰ ਆਦਿ ਕਈ ਗੁਰਦੁਆਰਿਆਂ ਦੇ ਸੁਧਾਰ ਦੇ ਮੋਰਚੇ, ਗੁਰੂ ਕੇ ਬਾਗ ਅਤੇ ਜੈਤੋ ਦਾ ਮੋਰਚਾ ਉਹਨਾਂ ਦੇ ਸੰਘਰਸ਼ ਭਰਪੂਰ ਜੀਵਨ ਦੀਆਂ ਅਤਿ ਅਹਿਮ ਘਟਨਾਵਾਂ ਹਨ। ਉਹ ਸਦਾ ਹੀ ਵੱਡੀ ਜ਼ਿੰਮੇਵਾਰੀ ਅਤੇ ਸਿਰ ਕੱਢਵੀ ਕੁਰਬਾਨੀ ਵਾਲਾ ਕੰਮ ਸੰਭਾਲ ਕੇ ਖੁਸ਼ ਹੁੰਦੇ। ਪੰਥ ਵੀ ਉਹਨਾਂ ’ਤੇ ਪੂਰਨ ਭਰੋਸਾ ਕਰਕੇ ਸੇਵਾ ਦਾ ਮੌਕਾ ਬਖ਼ਸ਼ਦਾ। ਖ਼ਾਸ ਕਰਕੇ ਉਹ ਜੈਤੋ ਦੇ ਮੋਰਚੇ ਵਿਚ ਨਾਭਾ ਜੇਹਲ ਵਿਚ ਜਥੇਦਾਰ ਅਤੇ ਸਟੇਜ ਸੈਕਟਰੀ ਰਹੇ। ਬਬਰ ਸ਼ੇਰ ਅਖ਼ਬਾਰ ਦੇ ਉਹਨਾਂ ਦਿਨਾਂ ਵਿਚ ਮੈਨੇਜਰ ਰਹੇ ਜਦ ਉਸ ਅਖ਼ਬਾਰ ਦੇ ਸਾਰੇ ਸਟਾਫ਼ ਨੂੰ ਵੱਡੀਆਂ ਵੱਡੀਆਂ ਸਜ਼ਾਵਾਂ ਮਿਲ ਰਹੀਆਂ ਸਨ। ਸ੍ਰੀ ਹਰਿਮੰਦਰ ਸਾਹਿਬ ਤਰਨ-ਤਾਰਨ ਦੇ ਜਥੇਦਾਰ ਤੇ ‘ਗੜਗੱਜ ਅਕਾਲੀ ਦੀਵਾਨ’ ਵਰਗੀ ਸਿਰਲੱਥ ਸੰਸਥਾ ਦੇ ਸਕੱਤਰ ਰਹੇ। ਉਹ ਖ਼ਾਸ ਕਰਕੇ ਬਹੁਤ ਹਰਮਨ ਪਿਆਰੇ ਸਨ। ਕਦੀ ਵੀ ਕੋਈ ਆਦਮੀ ਉਹਨਾਂ ’ਤੇ ਨਾਰਾਜ਼ ਨਹੀਂ ਸੀ ਹੋਇਆ। ਇਥੋਂ ਤੱਕ ਕਿ ਅੰਮ੍ਰਿਤਸਰ ਜਿਹਲ ਦਾ ਦਰੋਗਾ ਵੀ ਕਿਹਾ ਕਰਦਾ ਸੀ ਕਿ ਇਹ ਸਿੰਘ ਮੈਨੂੰ ਬੜਾ ਪਿਆਰਾ ਲੱਗਦਾ ਹੈ। ਸਃ ਕਾਹਨ ਸਿੰਘ ਦਾ ਬਚਪਨ ਦਾ ਨਾਮ ਵੀ ਪਿਆਰਾ ਸਿੰਘ ਹੀ ਸੀ।

ਹਿੰਦ-ਪਾਕ ਵੰਡ ਹੋ ਜਾਣ ’ਤੇ ਉਹਨਾਂ ਨੂੰ 46 ਚੱਕ (ਲਾਹੌਰ) ਤੋਂ ਉੱਠਕੇ ਪਿੰਡ ਕੁਤਿਆਂ ਵਾਲੀ, ਤਹਿਸੀਲ ਮੁਕਤਸਰ (ਫ਼ਰੀਦਕੋਟ) ਆਉਣਾ ਪਿਆ। ਅੱਜ ਕਲ ਉੱਥੇ ਉਹਨਾਂ ਦੇ ਇਕ ਸਪੁਤਰ ਸਃ ਹਰਦਿਆਲ ਸਿੰਘ ਖੇਤੀ-ਬਾੜੀ ਕਰਦੇ ਹਨ। ਦੂਜੇ ਵੱਡੇ ਸਪੁਤਰ ਸਃ ਜੋਗਿੰਦਰ ਸਿੰਘ ਸੰਧੂ ਹਾਈ ਸਕੂਲ ਦੇ ਮੁਖ ਅਧਿਆਪਕ ਹਨ। ਤੀਜੇ ਅਤੇ ਛੋਟੇ ਸਪੁਤਰ ਸ੍ਰੀ ਅਮਰਜੀਤ ਸਿੰਘ ਸੰਧੂ ਜੋ ਕਿ ਪੰਜਾਬੀ ਦੇ ਮਸ਼ਹੂਰ ਸ਼ਾਇਰ ਹਨ ਜਲੰਧਰ ਵਿਚ ਰਹਿ ਰਹੇ ਹਨ। ਸਃ ਕਾਹਨ ਸਿੰਘ ਵੀ ਉਹਨਾਂ ਦੇ ਪਾਸ ਹੀ ਆਪਣੀ ਜ਼ਿੰਦਗੀ ਦੇ ਆਖ਼ਰੀ ਦਿਨ ਪ੍ਰਭੂ-ਭਗਤੀ ਵਿਚ ਬਤੀਤ ਕਰ ਰਹੇ ਹਨ।

•

## ਸੰਘਰਸ਼ ਭਰਪੂਰ ਜ਼ਿੰਦਗੀ-

## ਗੁਰਦੁਆਰਾ ਬਾਬੇ ਦੀ ਬੇਰ ਦਾ ਕਬਜ਼ਾ

ਸੰਨ 1920 ਵਿਚ ਪਿੰਡ ਡਿੰਗਾ ਜ਼ਿਲ੍ਹਾ ਗੁਜਰਾਂਵਾਲਾ ਵਿੱਚ ਚੀਫ਼ ਖ਼ਾਲਸਾ ਦੀਵਾਨ ਵੱਲੋਂ ਇੱਕ ਵਿਦਿਅਕ ਕਾਨਫਰੰਸ ਕਰਵਾਈ ਗਈ ਸੀ। ਉੱਥੇ ਮਾਝੇ ਦੇ ਹੋਰ ਸਿੰਘਾਂ ਨਾਲ ਸ: ਕਾਹਨ ਸਿੰਘ ਆਕਾਲੀ ਵੀ ਪਹੁੰਚੇ ਹੋਏ ਸਨ। ਕਾਨਫ਼ਰੰਸ ਦੇ ਪੰਡਾਲ ਤੋਂ ਪਾਸੇ ਕਰਕੇ ਰੌੜ ਵਿੱਚ ਮਾਸਟਰ ਸੁੰਦਰ ਸਿੰਘ ਅਤੇ ਸ: ਤੇਜਾ ਸਿੰਘ ਚੂਹੜਕਾਣਾ ਨੇ ਵਖਰਾ ਜਲਸਾ ਆਰੰਭ ਲਿਆ। ਉਸ ਜਲਸੇ ਵਿਚ ਬਹੁਤ ਚੰਗੀਆਂ ਦੇਸ਼ ਭਗਤੀ ਦੀਆਂ ਤਕਰੀਰਾਂ ਹੋਈਆਂ। ਸ: ਤੇਜਾ ਸਿੰਘ ਚੂਹੜਕਾਣਾ ਉਦੋਂ ਕੁ ਹੀ ਕਾਲੇ ਪਾਣੀ ਤੋਂ ਮੁੜਿਆ ਸੀ। ਉਸ ਦਾ ਲੋਕਾਂ ਅਤੇ ਅਕਾਲੀ ਵੀ 'ਤੇ ਬਹੁਤ ਚੰਗਾ ਅਸਰ ਪਿਆ।

ਜਦ ਉਹ ਜਲਸੇ ਤੋਂ ਵਾਪਸ ਮੁੜੇ ਤਾਂ ਉਹਨਾਂ ਨੇ ਲਾਹੌਰ ਬੈਠਕੇ ਸਾਥੀਆਂ ਨਾਲ ਸਲਾਹ ਕੀਤੀ ਕਿ ਆਪਣੇ ਇਲਾਕੇ ਵਿੱਚ ਵੀ ਇਹੋ ਜਿਹਾ ਜਲਸਾ ਕਰਨਾ ਚਾਹੀਦਾ ਹੈ, ਜਿਸ ਨਾਲ ਇਲਾਕੇ ਵਿੱਚ ਜਾਗ੍ਰਿਤੀ ਆਵੇ। ਭਾਈ ਨਿਹਾਲ ਸਿੰਘ ਬਹਿੜਵਾਲੀਏ ਨੂੰ, ਜੋ ਕਿ ਗੁਰੂ ਅਰਜਨ ਦੇਵ ਜੀ ਦੇ ਗੁਰਦੁਆਰੇ ਦਾ ਮਹੰਤ ਸੀ, ਕਿਹਾ ਗਿਆ ਕਿ ਜਲਸਾ ਉਸ ਦੇ ਪਿੰਡ ਹੋਣਾ ਚਾਹੀਦਾ ਹੈ। ਉਸ ਨੇ ਆਪਣੇ ਪਿੰਡ ਦੇ ਸਰਦਾਰ ਹਰਦਿਆਲ ਸਿੰਘ (ਸਰਦਾਰ ਮਿਸਲ ਨਕਈਆਂ) ਨਾਲ ਸਲਾਹ ਕੀਤੀ। ਸਰਦਾਰ ਨੇ ਜਲਸੇ ਦਾ ਸਾਰਾ ਖ਼ਰਚ ਆਪਣੇ ਸਿਰ ਲੈਣਾ ਮੰਨ ਲਿਆ। ਉਹ ਸਰਕਾਰ ਅੰਗਰੇਜ਼ੀ ਤੋਂ ਪਹਿਲਾਂ ਹੀ ਬੇਜ਼ਾਰ ਸੀ, ਕਿਉਂਕਿ ਸਰਕਾਰ ਨੇ ਉਸਦੀ ਕੋਈ ਤਿੰਨ ਲੱਖ ਦੀ ਜਗੀਰ ਸਿਰਫ਼ ਇਸ ਕਰਕੇ ਜ਼ਬਤ ਕਰ ਲਈ ਸੀ ਕਿ ਉਸਦੇ ਇਲਾਕੇ ਵਿਚ ਗੱਡੀ ਦੀ ਲਾਈਨ ਕਿਉਂ ਪੁੱਟੀ ਗਈ ਹੈ। ਸਰਦਾਰ ਜੀ ਦੀ ਪ੍ਰਵਾਨਗੀ ਨਾਲ ਸ: ਕਾਹਨ ਸਿੰਘ ਅਤੇ ਸਾਥੀਆਂ ਨੇ ਇਸ਼ਤਿਹਾਰ ਛਪਵਾ ਕੇ ਵੰਡ ਦਿੱਤੇ। ਚਿੱਠੀਆਂ ਲਿਖਕੇ ਵੀ ਸੱਦੇ ਭੇਜੇ। ਇੰਜ ਜਲਸੇ ਵਾਲੇ ਦਿਨ ਬੜਾ ਭਾਰੀ ਇਕੱਠ ਹੋ ਗਿਆ। ਉਥੇ ਸ: ਕਰਤਾਰ ਸਿੰਘ ਝੱਬਰ, 'ਪੰਚ', ਸ: ਤੇਜਾ ਸਿੰਘ ਚੂਹੜਕਾਣਾ ਅਤੇ ਸੈਂਟਰ ਮਾਝਾ ਦੀਵਾਨ ਦੇ ਬਹੁਤ ਸਾਰੇ ਕਰਿੰਦੇ ਆਏ ਹੋਏ ਸਨ। ਭਾਰੀ ਕਾਨਫ਼ਰੰਸ ਹੋਈ। ਸਰਕਾਰ ਦੇ ਖ਼ਿਲਾਫ਼ ਸ਼ਰੇਆਮ ਲੈਕਚਰ ਹੋਏ। ਇਸ ਦਾ ਜੰਤਾ 'ਤੇ ਬੜਾ ਚੰਗਾ ਅਤੇ ਹੌਸਲਾ ਵਧਾਊ ਅਸਰ ਹੋਇਆ। ਮਗਰੋਂ ਲਲਿਆਣੀ ਵੀ ਇਹੋ ਜਿਹਾ ਹੀ ਜਲਸਾ ਕਰਵਾਇਆ ਗਿਆ, ਪਿੰਡ ਥਾਂਦ੍ਹੇ ਜ਼ਿਲ੍ਹਾ ਅੰਮ੍ਰਿਤਸਰ ਵੀ ਦੀਵਾਨ ਕਰਵਾਇਆ ਗਿਆ। ਇੱਥੇ ਜਥੇਦਾਰ ਤੇਜਾ ਸਿੰਘ ਭੁੱਚਰ 'ਅਕਾਲੀ' ਨੇ ਮਤਾ ਪੇਸ਼ ਕੀਤਾ-"ਅੱਗੇ ਵੀ ਅਸਾਂ ਸਰਕਾਰ ਨੂੰ ਬਹੁਤ ਵਾਰ ਚੇਤਾਵਨੀ ਦਿੱਤੀ ਹੈ ਕਿ ਸਾਡੇ ਗੁਰਦਵਾਰਿਆਂ ਦਾ ਪ੍ਰਬੰਧ ਬਹੁਤ ਹੀ ਮਾੜਾ ਹੈ। ਮਹੰਤਾਂ ਨੇ ਗੁਰਦਵਾਰਿਆਂ ਨੂੰ ਆਪਣੀਆਂ ਐਸ਼ਗਾਹਾਂ ਤੇ ਵਪਾਰਕ ਅੱਡੇ ਬਣਾ ਰੱਖਿਆ ਹੈ। ਅਸੀਂ ਇੱਕ ਵਾਰ ਫਿਰ ਸਰਕਾਰ ਨੂੰ ਯਾਦ ਦੁਵਾਉਂਦੇ ਹਾਂ ਕਿ ਜੇ ਗੁਰਦਵਾਰਿਆਂ ਵਿੱਚੋਂ ਮਹੰਤਾਂ ਨੂੰ ਕੱਢਕੇ ਗੁਰਮਤ ਅਨੁਸਾਰ ਪ੍ਰਬੰਧ ਨਾ ਕਰਵਾਇਆ ਗਿਆ ਤਾਂ ਅਸੀਂ ਜਿਹਲਾਂ ਦੇ ਕੁੰਡੇ ਖੜਕਾਵਾਂਗੇ ਅਤੇ ਇਹ ਕੰਮ ਆਪਣੇ ਹੱਥੀਂ ਕਰਾਂਗੇ।" ਮਤਾ ਪਾਸ ਹੋ ਕੇ ਅਜੇ ਜੈਕਾਰੇ ਹੀ ਛੁੱਟੇ ਸਨ ਕਿ ਗੁਰਦੁਵਾਰਾ 'ਬਾਬੇ ਦੀ ਬੇਰ' ਸਿਆਲ ਕੋਟ ਤੋਂ ਤਾਰ ਆ ਗਈ। ਉਹਨਾਂ ਨੇ ਗੁਰਦੁਵਾਰੇ ਦੇ ਕਬਜ਼ੇ ਵਾਸਤੇ ਸਿੰਘ ਸੱਦ ਭੇਜੇ ਸਨ। ਬਾਬੇ ਦੀ ਬੇਰ ਗੁਰਦੁਆਰੇ ਦਾ ਮਹੰਤ ਗੁਰਦੁਆਰੇ ਦੀ ਜ਼ਮੀਨ ਆਪਣੇ ਨਾਂ ਲੁਆ ਰਿਹਾ ਸੀ। ਸ: ਖੜਕ ਸਿੰਘ ਨੇ ਉਸ ਉੱਤੇ ਮੁਕੱਦਮਾ ਕੀਤਾ ਹੋਇਆ ਸੀ ਕਿ ਜਾਇਦਾਦ ਗੁਰਦੁਆਰੇ ਦੇ ਨਾਮ ਲੱਗਣੀ ਚਾਹੀਦੀ ਹੈ। ਅਦਾਲਤ ਮਹੰਤ ਦੇ ਹਕ ਵਿੱਚ ਸੀ। ਕੁਦਰਤੀ ਸ: ਅਮਰ ਸਿੰਘ ਉੱਥੇ ਆ ਗਿਆ ਤਾਂ ਉਸਨੇ

ਸਰਦਾਰ ਖੜਕ ਸਿੰਘ ਨੂੰ ਦੱਸਿਆ ਕਿ ਮਾਝੇ ਦੇ ਸਿੰਘਾਂ ਵਿੱਚ ਚੰਗੀ ਜਾਗ੍ਰਿਤੀ ਆਈ ਹੋਈ ਹੈ। ਅੱਜ ਉਹਨਾਂ ਦਾ ਜਲਸਾ ਹੋ ਰਿਹਾ ਹੈ, ਜੇ ਉਹਨਾਂ ਨੂੰ ਤਾਰ ਭੇਜ ਦਿੱਤੀ ਜਾਵੇ ਤਾਂ ਉਹ ਆਪੇ ਹੀ ਗੁਰਦੁਆਰੇ ਦਾ ਕਬਜ਼ਾ ਲੈ ਲੈਣਗੇ। ਉਹ ਤਾਰ ਉਸੇ ਤਰ੍ਹਾਂ ਹੀ ਜਥੇਦਾਰ ਨੇ ਜਲਸੇ ਵਿਚ ਪੜ੍ਹਕੇ ਸੁਣਾ ਦਿੱਤੀ। ਮਤਾ ਤਾਂ ਉੱਥੇ ਦਾ ਉੱਥੇ ਹੀ ਰਹਿ ਗਿਆ ਅਤੇ ਜਥਾ ਭੇਜਣ ਵਾਸਤੇ ਐਲਾਨ ਕਰ ਦਿੱਤਾ ਗਿਆ। ਬਹੁਤ ਸਾਰੇ ਸਿੰਘਾਂ ਨਾਲ ਸ: ਕਾਹਨ ਸਿੰਘ ਜੀ ਉੱਥੇ ਪਹੁੰਚੇ ਤੇ ਗੁਰਦੁਆਰੇ ਦਾ ਕਬਜ਼ਾ ਲੈ ਲਿਆ। ਮਹੰਤ ਨੇ ਸਰਕਾਰੇ ਸ਼ਕਾਇਤ ਕਰ ਦਿੱਤੀ। ਡਿਪਟੀ ਕਮਿਸ਼ਨਰ ਨੇ ਸ: ਖੜਕ ਸਿੰਘ ਨੂੰ ਆਪਣੇ ਦਫ਼ਤਰ ਸੱਦ ਕੇ ਡਰਾਇਆ-ਧਮਕਾਇਆ ਅਤੇ ਕਿਹਾ ਕਿ ਪੰਜਾਬ ਤੋਂ ਆਏ ਸਿੱਖ ਤਾਂ ਗਰੀਬ ਗੁਰਬੇ ਹੋਣਗੇ ਉਹਨਾਂ ਨੂੰ ਤਾਂ ਜੇਲ੍ਹ ਵਿੱਚ ਘਰ ਨਾਲੋਂ ਵੀ ਚੰਗੀ ਰੋਟੀ ਮਿਲੇ ਗੀ ਪਰ ਤੂੰ ਅਮੀਰ ਆਦਮੀ ਹੈਂ ਐਵੇਂ ਜਾਇਦਾਦ ਕੁਰਕ ਕਰਵਾ ਬਹੇਂਗਾ। ਤੂੰ ਉਹਨਾਂ ਨੂੰ ਵਾਪਸ ਭੇਜ ਦਿਹ, ਮੈਂ ਫ਼ੈਸਲਾ ਤੇਰੇ ਹਕ ਵਿਚ ਕਰ ਦੇਵਾਂਗਾ।" ਸ: ਖੜਕ ਸਿੰਘ ਉੱਥੇ 'ਹੂੰ....ਹਾਂ' ਕਰ ਆਇਆ।

ਜਦ ਜਥੇਦਾਰ ਨੇ ਪੁੱਛਿਆ ਕਿ 'ਸੁਣਾਉ ਕੀ ਕਰ ਆਏ ਹੋ।' ਤਾਂ ਉਸ ਨੇ ਪੱਗ ਲਾਹ ਕੇ ਜਥੇਦਾਰ ਦੇ ਪੈਰਾਂ ਵਿੱਚ ਰੱਖ ਦਿੱਤੀ। ਜਥੇਦਾਰ ਬੜਾ ਅਣਖੀ ਬੰਦਾ ਸੀ। ਉਹ ਬੜਾ ਤਲਖ ਹੋਇਆ। ਕਹਿਣ ਲੱਗਾ-"ਇਹ ਤੂੰ ਸਿੱਖਾਂ ਦੇ ਪੁੱਤਾਂ ਵਾਲਾ ਕੰਮ ਨਹੀਂ ਕੀਤਾ। ਪੱਗ ਲਾਹ ਦੇਣੀ ਸਿਖ ਦਾ ਕੰਮ ਨਹੀਂ। ਪੱਗ ਗਈ ਤਾਂ ਸਿਰ ਗਿਆ।" ਸ: ਖੜਕ ਸਿੰਘ ਨੇ ਆਜਜ਼ੀ ਨਾਲ ਆਖਿਆ-"ਜਥੇਦਾਰ ਜੀ, ਇਹ ਤਾਂ ਤੁਸੀਂ ਹੀ ਬਨਾਉ ਤਾਂ ਬੱਝਦੀ ਹੈ।" ਉਹ ਕਿਵੇਂ?" ਜਥੇਦਾਰ ਨੇ ਪੁੱਛਿਆ। ਸ: ਖੜਕ ਸਿੰਘ ਕਹਿਣ ਲੱਗਾ-"ਜਿਹੜੇ ਸਿੰਘ ਤੁਸੀਂ ਲਿਆਏ ਹੋ ਇਹਨਾਂ ਨੂੰ ਵਾਪਸ ਲੈ ਜਾਉ। ਡਿਪਟੀ ਕਹਿੰਦਾ ਹੈ ਕਿ ਉਹ ਆਪੇ ਫ਼ੈਸਲਾ ਸਾਡੇ ਹਕ ਵਿੱਚ ਕਰ ਦੇਵੇਗਾ।" ਜਥੇਦਾਰ ਰੋਹ ਵਿਚ ਆ ਗਿਆ-"ਐਨੇ ਸਾਲ ਹੋ ਗਏ ਤੈਨੂੰ ਰੋਂਦੇ ਪਿੱਟਦੇ ਨੂੰ, ਉਦੋਂ ਡਿਪਟੀ ਕਿੱਥੇ ਗਿਆ ਹੋਇਆ ਸੀ? ਉਸ ਉਦੋਂ ਨਾ ਤੇਰੇ ਹਕ ਵਿਚ ਫ਼ੈਸਲਾ ਕਰ ਦਿੱਤਾ? ਹੁਣ ਕਿਉਂ ਕਰਦਾ ਹੈ? ਬੰਨ੍ਹ ਸਿਰ 'ਤੇ ਪੱਗ ਤੇ ਤੁਰ ਜਾਹ ਘਰ ਨੂੰ। ਆਖਦੇ ਜਾ ਕੇ ਡਿਪਟੀ ਨੂੰ ਕਿ ਮੇਰਾ ਉਹਨਾਂ ਨਾਲ ਕੋਈ ਸੰਬੰਧ ਨਹੀਂ। ਅਸੀਂ ਜਾਣੀਏ ਤੇ ਉਹ ਜਾਣੇ।"

ਸ: ਖੜਕ ਸਿੰਘ ਨੇ ਪੱਗ ਬੰਨ੍ਹੀ ਤੇ ਚੁਪ ਕਰਕੇ ਘਰ ਨੂੰ ਚਲਾ ਗਿਆ। ਪਰ ਦਿਲ ਵਿੱਚ ਆਪਣੇ ਆਪ ਨੂੰ ਤਕੜਾ ਹੋਣ ਵਾਸਤੇ ਸਮਝਾਉਂਦਾ ਰਿਹਾ। ਜਦੋਂ ਕੀਤੇ ਹੋਏ ਇਕਰਾਰ 'ਤੇ ਡਿਪਟੀ ਆਇਆ ਤਾਂ ਉਸ ਨੇ ਸ: ਖੜਕ ਸਿੰਘ ਨੂੰ ਪੁੱਛਿਆ-"ਖੜਕ ਸਿੰਘ, ਤੈਨੂੰ ਮੈਂ ਕੀ ਆਖਿਆ ਸੀ?" ਸ: ਖੜਕ ਸਿੰਘ ਨੇ ਕੋਟ ਦੇ ਬਟਨ ਖੋਲ੍ਹ ਕੇ ਛਾਤੀ ਤਾਣ ਕੇ ਕਿਹਾ-"ਜੇ ਹਿੰਮਤ ਹੈ ਈ ਤਾਂ ਮਾਰ ਗੋਲੀ। ਜਿਸ ਤਰ੍ਹਾਂ ਤੂੰ ਆਖਦਾ ਏਂ ਉਸ ਤਰ੍ਹਾਂ ਮੈਂ ਕਦੇ ਨਹੀਂ ਕਰਾਂਗਾ।" ਡਿਪਟੀ ਹੈਰਾਨ ਸੀ ਕਿ ਇਹ ਕੀ ਹੋ ਗਿਆ? ਉਸ ਜਥੇਦਾਰ ਨਾਲ ਵੀ ਗੱਲਬਾਤ ਕੀਤੀ। ਜਥੇਦਾਰ ਦਾ ਸੁਭਾਅ ਹੀ ਐਸਾ ਸੀ ਕਿ ਉਹ ਕਿਸੇ ਨਾਲ ਵੀ ਤਰਲੇ ਨਾਲ ਪੇਸ਼ ਨਹੀਂ ਸੀ ਆਉਂਦਾ। ਪੂਰਨ ਭਰੋਸੇ ਅਤੇ ਰੋਅਬ ਨਾਲ ਗੱਲ ਕਰਦਾ ਤੇ ਆਪਣੀ ਗੱਲ ਮਨਾ ਵੀ ਲੈਂਦਾ ਸੀ। ਡਿਪਟੀ ਤੇ ਉਸ ਦੀ ਗੱਲਬਾਤ ਦਾ ਐਨਾ ਅਸਰ ਹੋਇਆ ਕਿ ਉੱਥੇ ਖੜਾ-ਖੜਾ ਹੀ ਉਹ ਗੁਰਦੁਵਾਰੇ ਦਾ ਕਬਜ਼ਾ ਸਿੰਘਾਂ ਨੂੰ ਦੇ ਗਿਆ। ਇੰਜ ਇਹ ਕੰਮ ਨਜਿੱਠਿਆ ਗਿਆ। ਸ: ਖੜਕ ਸਿੰਘ ਵੀ ਉਸ ਤੋਂ ਬਾਅਦ ਦੀ ਸਾਰੀ ਜ਼ਿੰਦਗੀ ਸ਼ੇਰਾਂ ਵਾਂਗ ਨਿਧੜਕ ਹੋ ਕੇ ਪੰਥ ਦਾ ਕੰਮ ਕਰਦਾ ਰਿਹਾ।

•

# ਸ੍ਰੀ ਅਕਾਲ ਤਖਤ ਸਾਹਿਬ ਅੰਮ੍ਰਿਤਸਰ ਦਾ ਕਬਜ਼ਾ

ਸਰਵ ਭਾਰਤੀ ਕਾਂਗਰਸ ਵੱਲੋਂ ਸੰਨ 1920 ਦੇ ਸਤੰਬਰ ਵਿੱਚ ਜਲ੍ਹਿਆਂ ਵਾਲਾ ਬਾਗ, ਅੰਮ੍ਰਿਤਸਰ ਵਿੱਚ ਇੱਕ ਜਲਸਾ ਹੋਣਾ ਨਿਯਤ ਹੋਇਆ। ਉਹਦੇ ਵਿਚ ਜਨਾਬ ਮੁਹੰਮਦ ਅਲੀ ਅਤੇ ਸ਼ੌਕਤ ਅਲੀ ਵੀ ਬੰਗਾਲ ਤੋਂ ਆ ਰਹੇ ਸਨ। ਉਹਨਾਂ ਨੇ ਕਹਿ ਘੱਲਿਆ ਕਿ 'ਅਸਾਂ ਮਾਝੇ ਦੇ ਜਵਾਨਾਂ ਦੀ ਬੜੀ ਸਿਫ਼ਤ ਸੁਣੀ ਹੈ, ਸਾਨੂੰ ਉਹਨਾਂ ਦੇ ਦਰਸ਼ਨ ਕਰਵਾਉਣ ਦਾ ਵੀ ਪ੍ਰਬੰਧ ਕੀਤਾ ਜਾਵੇ।" ਮਾਸਟਰ ਤਾਰਾ ਸਿੰਘ ਨੇ ਮਾਝੇ ਦੇ ਸਿੰਘਾਂ ਨੂੰ ਸੁਨੇਹਾ ਘੱਲ ਦਿੱਤਾ। ਜਲਸੇ ਵਾਲੇ ਦਿਨ ਸ: ਕਾਹਨ ਸਿੰਘ ਜੀ ਬਹੁਤ ਸਾਰੇ ਸਿੰਘਾਂ ਨਾਲ ਅੰਮ੍ਰਿਤਸਰ ਪਹੁੰਚ ਗਏ। ਉਹ ਜਲਸਾ ਤਾਂ ਇਸੇ ਕਾਰਨ ਨਾ ਹੋ ਸਕਿਆ ਪਰ ਜਿਹੜੇ ਸਿੰਘ ਇਕੱਠੇ ਹੋਏ ਸਨ, ਉਹ ਆਖਣ ਲੱਗੇ ਕਿ ਹੁਣ ਆਏ ਤਾਂ ਹੋਏ ਹੀ ਆ ਕੋਈ ਕੰਮ ਕਰਕੇ ਹੀ ਮੁੜਨਾ ਚਾਹੀਦਾ ਹੈ। ਇਸ 'ਤੇ ਸ: ਤੇਜਾ ਸਿੰਘ ਨੇ ਦਸ ਰੁਪਏ ਆਪਣੇ ਕੋਲੋਂ ਕੱਢ ਕੇ ਦਿੱਤੇ ਤੇ ਬਾਕੀਆਂ ਨੂੰ ਵੀ ਇੱਕ-ਇੱਕ ਦੋ-ਦੋ ਰੁਪਏ ਆਪਣੇ ਕੋਲੋਂ ਪਾਉਣ ਨੂੰ ਕਿਹਾ। ਇੰਜ ਵਾਹਵਾ ਰਕਮ ਇਕੱਠੀ ਹੋ ਗਈ। ਉਹਨਾਂ ਇਹ ਰਕਮ ਮਜ਼ਬੀ ਸਿੰਘਾਂ ਦੀ ਬਸਤੀ ਵਿੱਚ ਜਾ ਕੇ ਉਹਨਾਂ ਨੂੰ ਦੇ ਦਿੱਤੀ ਤੇ ਰਸਦ ਮੰਗਵਾ ਕੇ ਪ੍ਰਸ਼ਾਦ ਕਰਵਾਇਆ। ਪ੍ਰਸ਼ਾਦ ਦੀਆਂ ਪਰਾਤਾਂ ਮਜ਼ਬੀ ਸਿੰਘਾਂ ਦੇ ਸਿਰਾਂ 'ਤੇ ਰਖਵਾ ਕੇ ਸਾਰੇ ਸ੍ਰੀ ਆਕਾਲ ਤਖ਼ਤ ਆ ਗਏ। ਇਸ ਗੱਲ ਦਾ ਪਤਾ ਖ਼ਾਲਸਾ ਕਾਲਜ ਵਿੱਚ ਵੀ ਲੱਗ ਗਿਆ ਉੱਥੋਂ ਵੀ ਵਿਦਿਆਰਥੀ, ਪ੍ਰੋਫੈਸਰ ਅਤੇ ਪ੍ਰਿੰਸੀਪਲ ਹਰਿਕ੍ਰਿਸ਼ਨ ਸਿੰਘ ਆਦਿ ਨਾਲ ਆ ਰਲੇ। ਮਜ਼ਬੀ ਸਿੰਘਾਂ ਵਿੱਚੋਂ ਸ: ਮਤਾਬ ਸਿੰਘ ਬੜਾ ਸਿਆਣਾ ਬੰਦਾ ਸੀ। ਉਸਨੇ ਜਥੇਬੰਦੀ ਬੜੇ ਸੋਹਣੇ ਤਰੀਕੇ ਨਾਲ ਚਲਾਈ ਹੋਈ ਸੀ। ਅਕਾਲ ਤਖ਼ਤ ਪਹੁੰਚੇ ਤਾਂ ਉੱਥੋਂ ਦੇ ਪੁਜਾਰੀ ਆਖਣ ਲੱਗੇ ਕਿ-"ਇਹਨਾਂ ਦਾ ਅਰਦਾਸਾ ਤਾਂ ਨਾ ਅਸੀਂ ਕਦੇ ਕੀਤਾ ਹੈ ਅਤੇ ਨਾ ਹੀ ਕਰਨਾ ਹੈ।" ਜਥੇਦਾਰ ਨੇ ਕਿਹਾ-"ਅਸੀਂ ਤੁਹਾਡੇ ਤੋਂ ਕਰਵਾਉਣਾ ਵੀ ਕੀ ਹੈ? ਅਰਦਾਸਾ ਤਾਂ ਅਸੀਂ ਆਪੇ ਹੀ ਕਰ ਲਵਾਂਗੇ।" ਇਸ 'ਤੇ ਪੁਜਾਰੀ ਤਾਂ ਅਕਾਲ ਤਖ਼ਤ ਦੇ ਪਿੱਛਿਓਂ ਦੀ ਖਿਸਕ ਗਏ ਤੇ ਸਿੰਘਾਂ ਨੇ ਅਰਦਾਸਾ ਸੋਧ ਕੇ ਪ੍ਰਸ਼ਾਦ ਵਰਤਾ ਦਿੱਤਾ। ਜਦੋਂ ਅੱਧਾ ਪ੍ਰਸ਼ਾਦ ਰਹਿ ਗਿਆ ਤਾਂ ਉਹੋ ਪਰਾਤਾਂ ਉਹਨਾਂ ਹੀ ਸਿੰਘਾਂ ਤੋਂ ਚੁਕਵਾ ਕੇ ਦਰਬਾਰ ਸਾਹਿਬ ਪਹੁੰਚ ਗਏ। ਉੱਥੋਂ ਦਾ ਪੁਜਾਰੀ ਸਿਆਣਾ ਬੰਦਾ ਸੀ। ਉਸ ਬੜੀ ਨਿਮਰਤਾ ਨਾਲ ਆਖਿਆ-"ਖ਼ਾਲਸਾ ਜੀ, ਸਾਨੂੰ ਤਾਂ ਅਰਦਾਸਾ ਕਰਨ ਵਿੱਚ ਕੋਈ ਇਨਕਾਰ ਨਹੀਂ, ਪਰ ਤੁਹਾਨੂੰ ਪਤਾ ਹੀ ਹੈ ਕਿ ਪੰਥ ਵਿੱਚ ਵੀ ਮਜ਼ਬੀ ਸਿੰਘਾਂ ਬਾਰੇ ਦੋ ਖਿਆਲਾਂ ਦੇ ਆਦਮੀ ਹਨ। ਜੇ ਕੋਈ ਗੜਬੜ ਹੋ ਗਈ ਤਾਂ ਇਸ ਦੀ ਜ਼ੁੰਮੇਵਾਰੀ ਤੁਹਾਡੀ ਹੋਵੇਗੀ।" ਇੱਕ ਸਿੰਘ ਨੇ ਸਲਾਹ ਦਿੱਤੀ ਕਿ ਆਪਾਂ ਕੋਈ ਵੀ ਕਿਸੇ ਦੀ ਗੱਲ ਨਾ ਮੰਨੀਏ। ਗੁਰੂ ਮਹਾਰਾਜ ਦਾ ਹੁਕਮ ਲੈ ਲਈਏ। ਜਿਵੇਂ ਉਹਨਾਂ ਦਾ ਹੁਕਮ ਹੋਵੇਗਾ ਉਵੇਂ ਹੀ ਕਰ ਲਵਾਂਗੇ। ਇਸ ਗੱਲ ਨੂੰ ਪੁਜਾਰੀ ਵੀ ਬੜੀ ਖ਼ੁਸ਼ੀ ਨਾਲ ਮੰਨ ਗਿਆ। ਵਾਕ ਲਿਆ ਗਿਆ ਜੋ ਇਹ ਸੀ-

"ਸੋਰਠ ਮਹੱਲਾ 3 ਦੁਤੁਕੀ॥
ਨਿਰਗੁਣਿਆ ਨੋ ਆਪੇ ਬਖਸਿ ਲਏ ਭਾਈ ਸਤਿਗੁਰ ਕੀ ਸੇਵਾ ਲਾਇ॥
ਸਤਿਗੁਰ ਕੀ ਸੇਵਾ ਉਤਮ ਹੈ ਭਾਈ ਰਾਮ ਨਾਮਿ ਚਿਤ ਲਾਇ॥1॥
ਹਰਿ ਜੀਉ ਆਪੇ ਬਖਸਿ ਮਿਲਾਇ।
ਗੁਣ ਹੀਣ ਹਮ ਅਪਰਾਧੀ ਭਾਈ
ਪੂਰੇ ਸਤਿਗੁਰਿ ਲਏ ਰਲਾਇ॥ ਰਹਾਉ॥"

ਫਿਰ ਕੀ ਸੀ, ਪੁਜਾਰੀ ਸਿੰਘ ਨੇ ਅਰਦਾਸਾ ਕਰ ਦਿੱਤਾ ਤੇ ਪ੍ਰਸ਼ਾਦ ਵਰਤਾ ਦਿੱਤਾ ਗਿਆ। ਉਸਨੇ ਵਚਨ ਦਿੱਤਾ ਕਿ ਮੈਂ ਪੰਥ ਦੇ ਅਨੁਸਾਰ ਗੁਰਦੁਵਾਰੇ ਦਾ ਪ੍ਰਬੰਧ ਕਰਾਂਗਾ। ਇਸ ਲਈ ਦਰਬਾਰ ਸਾਹਿਬ ਦੀ ਸੇਵਾ ਉਸੇ ਨੂੰ ਸੌਂਪ ਦਿੱਤੀ ਪਰ ਅਕਾਲ ਤਖ਼ਤ ਦਾ ਪ੍ਰਬੰਧ ਉਸੇ ਦਿਨ ਤੋਂ ਹੀ ਸਿੱਧਾ ਸਿੰਘਾਂ ਦੇ ਹੱਥ ਵਿਚ ਆ ਗਿਆ।

## ਸਿੱਖ ਲੀਗ ਦਾ ਲਾਹੌਰ ਸਮਾਗਮ

ਜਿਵੇਂ ਕਿ ਹਰ ਕੌਮ ਜਾਂ ਜਥੇਬੰਦੀ ਵਿੱਚ ਹੁੰਦਾ ਹੈ, ਸਿੱਖ ਕੌਮ ਵਿੱਚ ਵੀ ਗਰਮ ਅਤੇ ਨਰਮ ਖ਼ਿਆਲਾਂ ਦੇ ਲੋਕਾਂ ਵਿੱਚ ਕੁਝ ਇੱਕ ਨੁਕਤਿਆਂ ’ਤੇ ਮਤਭੇਦ ਪੈਦਾ ਹੋ ਗਏ ਸਨ। ‘ਪੰਥ’ ਸਾਹਮਣੇ ਇਹ ਸਵਾਲ ਉੱਘੜ ਕੇ ਆ ਗਿਆ ਸੀ ਕਿ ਕਾਂਗਰਸ ਨਾਲ ਮਿਲਕੇ ਦੇਸ਼ ਦੀ ਆਜ਼ਾਦੀ ਵਿੱਚ ਹਿੱਸਾ ਪਾਇਆ ਜਾਵੇ ਜਾਂ ਆਪਣਾ ਕਾਰਜ-ਖੇਤਰ ਸਿਰਫ ਧਰਮ-ਪ੍ਰਚਾਰ ਤਕ ਹੀ ਸੀਮਤ ਰਖਿਆ ਜਾਵੇ? ਇਸ ਫ਼ੈਸਲੇ ਵਾਸਤੇ ‘ਸਿੱਖ ਲੀਗ’ ਦਾ ਜਲਸਾ ਲਾਹੌਰ ਵਿਚ ਰੱਖਿਆ ਗਿਆ। ਉਸ ਜਲਸੇ ਤੇ ਸਾਰਾ ਪੰਥ ਹੀ ਪਹੁੰਚਿਆ। ਗਰਮ ਖ਼ਿਆਲਾਂ ਦੇ ਲੋਕ ਕਾਂਗਰਸ ਨਾਲ ਸਹਿਮਤੀ ਰਖਦੇ ਸਨ ਅਤੇ ਨਰਮ ਖ਼ਿਆਲਾਂ ਵਾਲੇ ਅੰਗ੍ਰੇਜ਼-ਨਿਵਾਜ਼ ਸਨ। ਉਹਨਾਂ ਦਾ ਆਗੂ ਸ: ਮਤਾਬ ਸਿੰਘ ਸੀ। ਉਹ ਸਰਕਾਰ ਅੰਗ੍ਰੇਜ਼ੀ ਨੂੰ ਖ਼ੁਸ਼ ਕਰਕੇ ਸ: ਸੁੰਦਰ ਸਿੰਘ ਮਜੀਠੀਏ ਦੀ ਥਾਂ ਮੱਲਣਾ ਚਾਹੁੰਦਾ ਸੀ। ਉਸ ਨੇ ਆਪਣਾ ਪੱਖ ਮਜ਼ਬੂਤ ਕਰਨ ਵਾਸਤੇ ਜਲਸੇ ਵਿਚ ਬੜੇ ਚੰਗੇ ਚੰਗੇ ਬੁਲਾਰੇ ਜਿਵੇਂ ਸ: ਸੇਵਾ ਰਾਮ ਸਿੰਘ ਕਪਤਾਨ ਅਤੇ ਪ੍ਰਿੰਸੀਪਲ ਜੋਧ ਸਿੰਘ ਆਦਿ ਨਾਲ ਲਿਆਂਦੇ ਹੋਏ ਸਨ। ਦੂਜੇ ਪਾਸੇ ਸ: ਮੋਤਾ ਸਿੰਘ , ਸ: ਮੰਗਲ ਸਿੰਘ ਅਤੇ ਸ: ਸਰਦੂਲ ਸਿੰਘ ਆਦਿ ਨੇ ਦੇਸ਼ ਹਿਤ ਵਿੱਚ ਵਿਚਾਰ ਪੇਸ਼ ਕੀਤੇ । ਉਹਨਾਂ ਦਾ ਮੱਤ ਇਹ ਸੀ ਕਿ ਸਾਨੂੰ ਆਪਣੇ ਦੇਸ਼ ਦੀ ਆਜ਼ਾਦੀ ਤੇ ਖ਼ੁਸ਼ਹਾਲੀ ਲਈ ਹਰ ਸੰਭਵ ਤਰੀਕੇ ਨਾਲ ਸੰਗ੍ਰਾਮ ਕਰਨਾ ਚਾਹੀਦਾ ਹੈ। ਅੰਗ੍ਰੇਜ਼ ਪਰਾਏ ਲੋਕ ਹਨ ਜੋ ਸਾਡੇ ਦੇਸ਼ ਨੂੰ ਲੁੱਟ-ਲੁੱਟ ਕੇ ਆਪਣੇ ਦੇਸ਼ ਲੈ ਜਾਂਦੇ ਹਨ ਅਤੇ ਭਾਰਤ ਕੰਗਾਲ ਹੋਈ ਜਾਂਦਾ ਹੈ।” ਇਹਨਾਂ ਗੱਲਾਂ ਦਾ ਲੋਕਾਂ ’ਤੇ ਬੜਾ ਚੰਗਾ ਅਸਰ ਪਿਆ ਪਰ ਸ: ਮਤਾਬ ਸਿੰਘ ਵਰਗੇ ਉਹਨਾਂ ਦੀਆਂ ਤਕਰੀਰਾਂ ਵਿੱਚ ਰੌਲਾ ਪਾ ਕੇ ਗੜਬੜ ਪੈਦਾ ਕਰਨ ਦੀ ਕੋਸ਼ਿਸ਼ ਕਰਦੇ ਰਹੇ, ਹਾਲਾਂਕਿ ਪਹਿਲਾਂ ਨਰਮ ਧੜੇ ਦੀਆਂ ਤਕਰੀਰਾਂ ਕਰਵਾਈਆਂ ਗਈਆਂ ਸਨ, ਜਿਹੜੀਆਂ ਡਰਾਕਲ ਅਤੇ ਗੱਦਾਰ ਹੋਣ ਕਾਰਨ ਲੋਕਾਂ ਪਸੰਦ ਨਹੀਂ ਸਨ ਕੀਤੀਆਂ। ਪਰ ਸ: ਕਰਤਾਰ ਸਿੰਘ ਤੇ ਸ: ਤੇਜਾ ਸਿੰਘ ਭੁੱਚਰ ਹੁਰਾਂ ਨੇ ਲੋਕਾਂ ਨੂੰ ਤਕਰੀਰਾਂ ਸੁਣਨ ਵਾਸਤੇ ਅਪੀਲਾਂ ਕਰਕੇ ਚੁੱਪ ਕਰਾਈ ਰੱਖਿਆ ਸੀ। ਪਰ ਜਦੋਂ ਗਰਮ ਧੜੇ ਦੀ ਵਾਰੀ ਆਈ ਤਾਂ ਨਰਮ ਧੜੇ ਦੇ ਲੀਡਰ ਆਪ ਹੀ ਖੱਪ ਪਾਉਣ ਲੱਗ ਪਏ। ਜਥੇਦਾਰ ਤੇਜਾ ਸਿੰਘ ਨੇ ਜਦ ਸ: ਮਤਾਬ ਸਿੰਘ ਨੂੰ ਰੌਲਾ ਪਾਉਣ ਤੋਂ ਵਰਜਿਆ ਤਾਂ ਉਹ ਕਹਿਣ ਲੱਗਾ-“ਮੈਂ ਤਾਂ ਬੋਲਾਂਗਾ।” ਇਸ ਤੇ ਜਥੇਦਾਰ ਨੇ ਉਸਨੂੰ ਨੈਕਟਾਈ ਤੋਂ ਫੜ ਕੇ ਤੋਰੀ ਵਾਂਗ ਲਮਕਾ ਦਿੱਤਾ। ਸਾਰੀ ਦੁਨੀਆਂ ਵੇਖੇ ਤੇ ਉਹ ਹੇਠੋਂ ਛੜੀਆਂ ਮਾਰੇ। ਇਹ ਵੇਖਕੇ ਸ: ਮੋਤਾ ਸਿੰਘ ਭੱਜਿਆ ਆਇਆ। ਉਸਨੇ ਜਥੇਦਾਰ ਨੂੰ ਵਰਜਿਆ ਕਿ “ਇਹ ਤਾਂ ਪਹਿਲਾਂ ਹੀ ਗੜਬੜ ਕਰਕੇ ਖ਼ੁਸ਼ ਹਨ, ਤੂੰ ਵੀ ਇਹਨਾਂ ਦਾ ਸਹਾਇਕ ਬਣ ਰਿਹਾ ਹੈ? ਜਾਹ ਪੰਡਾਲ ਤੋਂ ਬਾਹਰ ਜਾ ਕੇ ਆਪਣਾ ਆਪ ਠੰਡਾ ਕਰ।” ਖ਼ੈਰ ਤਕਰੀਰਾਂ ਦੇ ਸਿਲਸਿਲੇ ਤੋਂ ਪਿੱਛੋਂ ਸੰਗਤ ਤੋਂ ਵੋਟਾਂ ਲਈਆਂ ਗਈਆਂ। ਸਾਰੇ ਪੰਡਾਲ ਨੇ ਹੀ ਸਰਕਾਰ ਨਾਲ ਨਾ ਮਿਲਵਰਤਣ ਨਾ ਕਰਨ ਅਤੇ ਕਾਂਗਰਸ ਨਾਲ ਸਾਥ ਦੇਣ ਦਾ ਮਤਾ ਪਾਸ ਕਰ ਦਿੱਤਾ।

ਜਦੋਂ ਕੌਂਸਲ ਦੀਆਂ ਚੋਣਾਂ ਆਈਆਂ ਤਾਂ ਸ: ਕਰਤਾਰ ਸਿੰਘ ਝੱਬਰ ਹੁਰੀਂ ਪੜ੍ਹਿਆ ਕਰਨ -"ਪਰਚੀ ਨਹੀਂ ਦੇਣੀ, ਨਹੀਂ ਦੇਣੀ ਮਹਾਂਰਾਜ, ਪਰਚੀ ਨਹੀਂ ਦੇਣੀ।" ਉਹਨਾਂ ਚੋਣਾਂ ਦੇ ਦੌਰਾਨ ਕਈ ਥਾਵਾਂ 'ਤੇ ਪਰਚੀਆਂ ਦੇ ਹਾਰ ਬਣਾ ਕੇ ਖੋਤਿਆਂ ਦੇ ਗਲਾਂ ਵਿਚ ਪਾਕੇ ਜਲੂਸ ਕੱਢੇ। ਇੰਜ ਪੰਥ ਸਿੱਧੇ ਤੌਰ ਤੇ ਗ਼ੈਰ ਮੁਲਕੀ ਸਰਕਾਰ ਦੇ ਖਿਲਾਫ਼ ਸਰਗਰਮੀ ਨਾਲ ਅੱਗੇ ਆ ਗਿਆ।

## ਗੁਰਦੁਆਰਾ ਪੰਜਾ ਸਾਹਿਬ ਦਾ ਸਾਕਾ

ਸੰਨ 1920 ਦੀ ਦੀਵਾਲੀ ਤੋਂ ਕੁਝ ਚਿਰ ਪਹਿਲਾਂ ਤੋਂ ਹੀ ਗੁਰਦੁਵਾਰਾ ਪੰਜਾ ਸਾਹਿਬ ਦੇ ਨਾਕਸ ਪ੍ਰਬੰਧ ਦੀਆਂ ਸ਼ਕਾਇਤਾਂ ਪਹੁੰਚ ਰਹੀਆਂ ਸਨ। ਉੱਥੋਂ ਦਾ ਮਹੰਤ ਵੀ ਆਮ ਮਹੰਤਾਂ ਵਾਂਗ ਹੀ ਗੁਰਦੁਆਰੇ ਨੂੰ ਆਪਣੀ ਮਲਕੀਅਤ ਸਮਝਦਾ ਸੀ ਅਤੇ ਗੁਰਦੁਵਾਰੇ ਵਿੱਚ ਮਨਮਾਨੀਆਂ, ਮਨਮਤਾਂ ਤੇ ਕੁਕਰਮ ਕਰਦਾ ਸੀ। ਸ: ਸਾਹਿਬ ਸਿੰਘ ਅਤੇ ਸ: ਲਛਮਣ ਸਿੰਘ ਪਿੰਡ ਤੇਜਾ-ਵੀਲਾ, ਜ਼ਿਲ੍ਹਾ ਗੁਰਦਾਸਪੁਰ ਨੂੰ ਉੱਥੋਂ ਦਾ ਪਤਾ ਲੈਣ ਲਈ ਭੇਜਿਆ ਗਿਆ। ਜਦ ਉਹ ਭਰੇ ਦੀਵਾਨ ਵਿਚ ਬੈਠੇ ਹੋਏ ਸਨ ਤਾਂ ਕਿਸੇ ਨੇ ਮਹੰਤ ਨੂੰ ਦੱਸਿਆ ਕਿ ਉਹ ਸਿੰਘ ਪੰਜਾਬ ਤੋਂ ਆਏ ਹੋਏ ਹਨ। ਮਹੰਤ ਨੇ ਆ ਵੇਖਿਆ ਨਾ ਤਾਅ, ਤਾੜ ਕਰਦਾ ਪਸਤੌਲ ਦਾ ਫ਼ਾਇਰ ਕਰ ਦਿੱਤਾ। ਦੋਹਾਂ ਸਿੰਘਾਂ ਦਾ ਤਾਂ ਬਚਾਅ ਹੋ ਗਿਆ ਪਰ ਇਕ ਹਿੰਦੂ ਵਿਚਾਰਾ ਬੇਦੋਸ਼ਾ ਮਾਰਿਆ ਗਿਆ। ਰੌਲਾ-ਰੱਪਾ ਪੈ ਗਿਆ। ਉਹ ਦੋਵੇਂ ਸਿੰਘ ਵਾਪਸ ਆ ਗਏ ਤੇ ਜਥਾ ਭੇਜਣ ਦੀ ਤਿਆਰੀ ਹੋਣ ਲੱਗ ਪਈ।

ਦੀਵਾਲੀ ਦਾ ਦਿਨ ਲੰਘਦਿਆਂ ਹੀ ਸ: ਕਾਹਨ ਸਿੰਘ ਜਥੇ ਦੇ ਨਾਲ ਪੰਜਾ ਸਾਹਿਬ ਵੱਲ ਰਵਾਨਾ ਹੋ ਗਏ। ਪੰਜਾ ਸਾਹਿਬ ਪਹੁੰਚਦਿਆਂ ਨੂੰ ਆਸੇ ਪਾਸੇ ਦੀਆਂ ਸਿੱਖ ਸੰਗਤਾਂ ਵੀ ਬੜੀ ਭਾਰੀ ਗਿਣਤੀ ਵਿਚ ਉਹਨਾਂ ਨਾਲ ਆ ਰਲੀਆਂ। ਬੜਾ ਭਾਰੀ ਜੋੜ ਮੇਲਾ ਹੋ ਗਿਆ। ਮਹੰਤ ਆਪਣੇ ਆਪ ਹੀ ਖਿਸਕ ਗਿਆ। ਉਸ ਨੇ ਜਾ ਕੇ ਸਰਕਾਰ ਕੋਲ ਰੌਲਾ ਪਾਇਆ। ਡਿਪਟੀ ਕਮਿਸ਼ਨਰ ਨੂੰ ਜਾ ਕੇ ਕਿਹਾ ਕਿ ਮੇਰਾ ਗੁਰਦੁਆਰਾ ਪੰਜਾਬ ਦੇ ਸਿੱਖਾਂ ਨੇ ਖੁਹ ਲਿਆ ਹੈ। ਉਸ ਨੇ ਤਫ਼ਤੀਸ਼ ਦੀ ਤਾਰੀਕ ਦੇ ਦਿੱਤੀ। ਸਿੰਘਾਂ ਨੇ ਉਸ ਤਾਰੀਕ 'ਤੇ ਹੀ ਇਸ਼ਤਿਹਾਰ ਵੰਡ ਕੇ ਕਾਨਫ਼ਰੰਸ ਰੱਖ ਲਈ। ਤਕਰੀਬਨ ਸਾਰਾ ਪੰਥ ਹੀ ਉੱਥੇ ਪਹੁੰਚਿਆਂ। ਸੰਗਤਾਂ ਇੰਜ ਲਗਦੀਆਂ ਸਨ ਜਿਵੇਂ ਨੀਲਾ ਪੀਲਾ ਸਮੁੰਦਰ ਠਾਠਾਂ ਮਾਰ ਰਿਹਾ ਹੋਵੇ। ਕਾਨਫਰੰਸ ਤੇ ਜਥੇਦਾਰ ਤੇਜਾ ਸਿੰਘ ਵੀ ਪਹੁੰਚ ਗਿਆ। ਡਿਪਟੀ ਕਮਿਸ਼ਨਰ ਆਇਆ। ਇੰਨਾ ਵੱਡਾ ਇਕੱਠ ਵੇਖ ਕੇ ਉਸ ਦਾ ਇਰਾਦਾ ਬਦਲ ਗਿਆ। ਉਸ ਜਥੇਦਾਰ ਨਾਲ ਗਲਬਾਤ ਕੀਤੀ ਤੇ ਗੁਰਦੁਵਾਰੇ ਦਾ ਕਬਜ਼ਾ ਸਿੰਘਾਂ ਨੂੰ ਦੇ ਕੇ ਚਲਿਆ ਗਿਆ।

## ਗੁਰਦੁਵਾਰਾ ਭਾਈ ਜੋਗਾ ਸਿੰਘ (ਪਛੌਰ) ਦਾ ਕਬਜ਼ਾ

ਅਜੇ ਸ: ਕਾਹਨ ਸਿੰਘ ਹੁਰੀਂ ਸਮੇਤ ਜਥੇ ਦੇ ਪੰਜਾ ਸਾਹਿਬ ਹੀ ਸਨ ਕਿ ਪਸ਼ੌਰ ਤੋਂ ਆਈ ਸੰਗਤ ਨੇ ਉਹਨਾਂ ਨੂੰ ਮਜਬੂਰ ਕਰਨਾ ਸ਼ੁਰੂ ਕਰ ਦਿੱਤਾ ਕਿ 'ਗੁਰਦੁਆਰਾ ਭਾਈ ਜੋਗਾ ਸਿੰਘ' ਦਾ ਕਬਜ਼ਾ ਉਹਨਾਂ ਨੂੰ ਦੁਵਾਇਆ ਜਾਵੇ। ਉੱਥੋਂ ਦਾ ਪ੍ਰਬੰਧ ਹਿੰਦੂਆਂ ਦੇ ਹੱਥਾਂ ਵਿਚ ਸੀ। ਉਹ ਸਿੱਖੀ ਰਹੁ-ਰੀਤ ਨੂੰ ਛੱਡ ਕੇ ਹਿੰਦੂ ਕਿਰਿਆ ਕਰਮ ਕਰਨ ਲੱਗ ਪਏ ਸਨ। ਇੱਥੋਂ ਤੱਕ ਕਿ ਗੁਰਦੁਵਾਰੇ ਵਿੱਚ ਬੈਠ ਕੇ ਭਜਨ ਕਰਦੇ ਸਨ। ਸਿੱਖ ਸੰਗਤਾਂ

ਨੂੰ ਗੁਰਦੁਆਰੇ ਵਿੱਚ ਬੈਠਣਾ ਵੀ ਨਹੀਂ ਸੀ ਮਿਲਦਾ, ਨਾ ਹੀ ਉਹਨਾਂ ਨੂੰ ਸ਼ਬਦ ਕੀਰਤਨ ਹੀ ਕਰਨ ਦਿੱਤਾ ਜਾਂਦਾ ਸੀ। ਉਹ ਬਾਹਰ ਗਲੀ ਵਿਚ ਬੈਠ ਕੇ ਸ਼ਬਦ ਪੜ੍ਹਿਆ ਕਰਦੇ ਸਨ। ਇਸ ਸਭ ਕੁੱਝ ਬਾਰੇ ਜਾਣ ਕੇ ਪਸ਼ੌਰ ਜਾਣ ਦਾ ਇਰਾਦਾ ਬਣਾਇਆ ਗਿਆ। ਅੰਮ੍ਰਿਤਸਰ ਸੁਨੇਹਾ ਭੇਜ ਦਿੱਤਾ ਗਿਆ ਕਿ ਇੱਕ ਜਥਾ ਤਕੜੇ ਜਵਾਨਾਂ ਦਾ, ਜਿਨ੍ਹਾਂ ਕੋਲ ਸਲੋਤਰ ਜਾਂ ਸਫਾਜੰਗ ਹੋਣ, ਬਿਲਕੁਲ ਤਿਆਰ ਰੱਖਿਆ ਜਾਵੇ ਤਾਂ ਕਿ ਸੁਨੇਹਾ ਮਿਲਣ ਤੇ ਇੱਕ-ਦਮ ਪਸ਼ੌਰ ਪਹੁੰਚ ਸਕੇ। ਸਿੰਘਾਂ ਨੇ ਆਪ ਪਸ਼ੌਰ ਵੱਲ ਚਾਲੇ ਪਾ ਦਿੱਤੇ।

ਪਸ਼ੌਰ ਵਿੱਚ ਭਾਈ ਜੋਗਾ ਸਿੰਘ ਦਾ ਗੁਰਦੁਵਾਰਾ ਸੀ। ਇਹ ਉਹੋ ਭਾਈ ਜੋਗਾ ਸਿੰਘ ਸੀ, ਜਿਸ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਹੁਕਮ ਨੂੰ ਮੰਨਣ ਲਈ ਆਪਣੇ ਵਿਆਹ ਦੀਆਂ ਲਾਵਾਂ ਵਿੱਚੇ ਹੀ ਛੱਡ ਦਿੱਤੀਆਂ ਸਨ ਅਤੇ ਆਨੰਦਪੁਰ ਸਾਹਿਬ ਨੂੰ ਰਵਾਨਾ ਹੋ ਗਿਆ ਸੀ। ਹਾਂ-ਇਹ ਉਹੋ ਜੋਗਾ ਸਿੰਘ ਸੀ ਜਿਸ ਦਾ ਸਿੱਖੀ ਸਿਦਕ ਬਚਾਉਣ ਵਾਸਤੇ ਕਲਗੀਆਂ ਵਾਲੇ ਪਾਤਸ਼ਾਹ ਹੁਸ਼ਿਆਰਪੁਰ ਦੀ ਵੇਸਵਾ ਦੇ ਦਰਬਾਨ ਬਣੇ। ਸਾਰੀ ਰਾਤ ਪਹਿਰਾ ਦਿੰਦੇ ਰਹੇ ਸਨ। ਉਸੇ ਭਾਈ ਜੋਗਾ ਸਿੰਘ ਨੂੰ ਪਸ਼ੌਰ ਵਿੱਚ 'ਜੋਗਨਸ਼ਾਹ' ਕਰਕੇ ਪੂਜਿਆ ਜਾਂਦਾ ਸੀ। ਇਸ ਪਿੱਛੇ ਵੀ ਇੱਕ ਵਾਰਤਾ ਹੈ। ਕਹਿੰਦੇ ਹਨ ਕਿ ਪਸ਼ੌਰ ਦੇ ਮੁਸਲਮਾਨ ਹਾਕਮ ਦੀ ਲੜਕੀ ਬੀਮਾਰ ਹੋ ਗਈ। ਕਿਸੇ ਵੀ ਇਲਾਜ ਨਾਲ ਉਹ ਠੀਕ ਨਾ ਹੋ ਸਕੀ। ਇਕ ਰਾਤ ਉਸਨੂੰ ਸੁਪਨਾ ਆਇਆ ਕਿ ਜੇ ਭਾਈ ਜੋਗਾ ਸਿੰਘ ਦੇ ਚਸ਼ਮੇ ਤੋਂ ਪਾਣੀ ਲਿਆ ਕੇ ਇਸ਼ਨਾਨ ਕੀਤਾ ਜਾਵੇ ਤਾਂ ਉਹ ਤੰਦਰੁਸਤ ਹੋ ਸਕਦੀ ਹੈ। ਉਸਨੇ ਇਸੇ ਤਰ੍ਹਾਂ ਹੀ ਕੀਤਾ। ਰੱਬ ਦੀ ਕਰਨੀ ਨਾਲ ਉਹ ਠੀਕ ਹੋ ਗਈ। ਇਸ ਨਾਲ ਉਸਦਾ ਨਿਸ਼ਚਾ ਬੜਾ ਪੱਕਾ ਹੋ ਗਿਆ ਅਤੇ ਉਹ ਰੋਜ਼ਾਨਾ ਗੁਰਦੁਵਾਰੇ ਆਉਣ ਲੱਗ ਪਈ। ਸ਼ਹਿਰ ਦੇ ਮੁਸਲਮਾਨਾਂ ਨੇ ਹਾਕਮ ਨੂੰ ਕਿਹਾ ਕਿ ਇਕ ਮੁਸਲਮਾਨ ਦੀ ਲੜਕੀ ਸਿੱਖਾਂ ਦੇ ਗੁਰਦੁਵਾਰੇ ਜਾਵੇ, ਇਹ ਗੱਲ ਠੀਕ ਨਹੀਂ। ਹਾਕਮ ਨੇ ਕਿਹਾ ਕਿ ਕੁੜੀ ਦਾ ਨਿਸ਼ਚਾ ਬੜਾ ਪੱਕਾ ਹੈ, ਉਹ ਤਾਂ ਹਟੇਗੀ ਨਹੀਂ, ਤੁਸੀਂ ਕੋਈ ਹੋਰ ਉਪਾਅ ਦੱਸੋ। ਕਿਸੇ ਨੇ ਸਲਾਹ ਦਿੱਤੀ ਕਿ ਭਾਈ ਜੋਗਾ ਸਿੰਘ ਦੇ ਗੁਰਦੁਵਾਰੇ ਦਾ ਨਾਮ 'ਜੋਗਨਸ਼ਾਹ ਦੀ ਧਰਮਸ਼ਾਲਾ' ਰੱਖ ਦਿੱਤਾ ਜਾਵੇ ਤਾਂ ਸਾਡੀ ਵੀ ਰਹਿ ਜਾਵੇਗੀ ਅਤੇ ਲੜਕੀ ਦਾ ਨਿਸ਼ਚਾ ਵੀ ਨਹੀਂ ਟੁੱਟੇਗਾ। ਸੋ ਉਦੋਂ ਤੋਂ ਇਸ ਅਸਥਾਨ ਨੂੰ 'ਜੋਗਨਸ਼ਾਹ ਦੀ ਧਰਮਸ਼ਾਲਾ' ਦੇ ਨਾਮ ਨਾਲ ਪੁਕਾਰਿਆ ਜਾਣ ਲੱਗਿਆ।

ਪੰਜਾ ਸਾਹਿਬ ਤੋਂ ਆ ਕੇ ਰਾਤ ਸਿੰਘਾਂ ਨੇ ਪਸ਼ੌਰ ਛਾਉਣੀ ਕੱਟੀ। ਸਵੇਰੇ ਜਦ ਝਾੜੂ ਦੇਣ ਵਾਲੇ ਸੇਵਾਦਾਰ ਨੇ ਗੁਰਦੁਵਾਰੇ ਦਾ ਦਰਵਾਜ਼ਾ ਖੋਲਿਆ ਤਾਂ ਸੰਗਤ ਅੰਦਰ ਜਾ ਵੜੀ। ਛੱਤ ਤੇ ਹਿੰਦੂਆਂ ਨੇ ਇੱਟੇ ਵੱਟੇ ਇਕੱਠੇ ਕਰ ਰੱਖੇ ਸਨ। ਉਹਨਾਂ ਨੇ ਉਹ ਗੁਰਦਵਾਰੇ ਵਿਚ ਬੈਠੀ ਸੰਗਤ 'ਤੇ ਮਾਰਨੇ ਸ਼ੁਰੂ ਕਰ ਦਿੱਤੇ। ਸਿੰਘਾਂ ਨੂੰ ਬਥੇਰੀਆਂ ਸੱਟਾਂ ਲੱਗੀਆਂ ਪਰ ਉਹ ਝੱਲੀ ਗਏ ਅਤੇ ਗੁਰਦੁਵਾਰੇ 'ਤੇ ਕਾਬਜ਼ ਹੀ ਰਹੇ। ਹਿੰਦੂਆਂ ਨੇ ਡੀ. ਸੀ. ਨੂੰ ਸ਼ਕਾਇਤ ਕੀਤੀ ਕਿ ਸਾਡੀ ਧਰਮਸ਼ਾਲਾ ਪੰਜਾਬੀਆਂ ਨੇ ਆਣ ਮੱਲੀ ਹੈ, ਡੀ. ਸੀ. ਨੇ ਲਿਖਤੀ ਆਰਡਰ ਗੁਰਦੁਵਾਰੇ ਦੇ ਦਰਵਾਜ਼ੇ ਅੱਗੇ ਲੁਵਾ ਦਿੱਤਾ ਕਿ ਚੌਵੀਂ ਘੰਟਿਆਂ ਵਿਚ ਸਾਰੇ ਪੰਜਾਬੀ ਅਟਕ ਦਰਿਆਉਂ ਪਾਰ ਹੋ ਜਾਣ। ਇਸ ਹੁਕਮ 'ਤੇ ਸਿੰਘਾਂ ਨੇ ਵੀਚਾਰ ਕੀਤੀ। ਅੰਤ ਸਲਾਹ ਬਣੀ ਕਿ ਲਾਗੇ ਦੀਆਂ ਸਿੱਖ ਛਾਉਣੀਆਂ ਵਿੱਚੋਂ ਫ਼ੌਜੀਆਂ ਦੀ ਮਦਦ ਲਈ ਜਾਵੇ। ਦੋ ਦੋ ਸਿੰਘਾਂ ਦੀਆਂ ਟੋਲੀਆਂ ਛਾਉਣੀਆਂ ਵਿੱਚ ਗਈਆਂ ਅਤੇ ਉਹਨਾਂ ਨੇ ਫੌਜੀ ਸਿੰਘਾਂ ਨੂੰ ਦੱਸਿਆ ਕਿ ਕਿੰਜ ਸਾਡੇ ਧਰਮ ਵਿਚ ਸਰਕਾਰ ਦਖ਼ਲ ਅੰਦਾਜ਼ੀ ਕਰ ਰਹੀ ਸੀ। ਹੁਣ ਲੋੜ ਸੀ ਕਿ ਆਪਣੇ ਅਫ਼ਸਰਾਂ ਵੱਲੋਂ ਜ਼ੋਰ ਪੁਵਾ ਕੇ ਡੀ. ਸੀ. ਦਾ ਆਰਡਰ ਵਾਪਸ ਕਰਵਾ ਕੇ ਸਿੱਖੀ ਸ਼ਾਨ ਨੂੰ ਬਰਕਰਾਰ ਰੱਖਿਆ

ਜਾਵੇ। ਫੌਜੀ ਸਿੰਘਾਂ ਨੇ ਸਾਰੀ ਗੱਲ ਆਪਣੇ ਅਫ਼ਸਰਾਂ ਨੂੰ ਦੱਸੀ ਅਤੇ ਕਿਹਾ ਕਿ–"ਸ਼ਾਮ ਤੱਕ ਜੇ ਡੀ. ਸੀ. ਦਾ ਆਰਡਰ ਵਾਪਸ ਨਾ ਹੋਇਆ ਤਾਂ ਅਸੀਂ ਰਫ਼ਲਾਂ ਸੁੱਟ ਦਿਆਂਗੇ।" ਉਹਨਾਂ ਦੇ ਦ੍ਰਿੜ ਵਿਸ਼ਵਾਸ ਤੋਂ ਪ੍ਰਭਾਵਤ ਹੋ ਕੇ ਅਫ਼ਸਰਾਂ ਨੇ ਡੀ. ਸੀ. ਨੂੰ ਟੈਲੀਫ਼ੋਨ ਕੀਤਾ ਤੇ ਹੁਕਮ ਵਾਪਸ ਕਰਵਾ ਦਿੱਤਾ। ਨਾਲ ਹੀ ਜਥੇ ਦੀ ਹਿਫ਼ਾਜਤ ਵਾਸਤੇ ਪੁਲੀਸ ਭੇਜ ਦਿੱਤੀ ਗਈ। ਇੰਜ ਫੌਜੀ ਸਿੰਘਾਂ ਨੇ ਅਤਿ ਸੰਕਟ ਵੇਲੇ ਜਥੇ ਦੀ ਮਦਦ ਕਰ ਕੇ ਸਤਿਗੁਰਾਂ ਦੀਆਂ ਖ਼ੁਸ਼ੀਆਂ ਪ੍ਰਾਪਤ ਕੀਤੀਆਂ।

ਹਿੰਦੂ ਪ੍ਰਬੰਧਕਾਂ ਵੱਲੋਂ ਕੀਤਾ ਗਿਆ ਮੁਕੱਦਮਾ ਚੱਲਦਾ ਰਿਹਾ। ਪਹਿਲੀ ਤਰੀਕ ’ਤੇ ਜਥੇਦਾਰ ਤੇਜਾ ਸਿੰਘ ਨੂੰ ਵੀ ਸੱਦਿਆ ਗਿਆ। ਜਥੇਦਾਰ ਦਾ ਪਹਰਾਵਾ ਹੂ-ਬ-ਹੂ ਅਕਾਲੀ ਫੂਲਾ ਸਿੰਘ ਵਰਗਾ ਹੀ ਹੁੰਦਾ ਸੀ। ਕਾਲਾ ਬਾਣਾ, ਖੱਟਾ ਕਮਰਕੱਸਾ ਤੇ ਚੱਕਰ ਵਾਲਾ ਦੂਹਰਾ ਦਸਤਾਰਾ। ਜਿੰਨਾਂ ਚਿਰ ਵੀ ਉਹ ਗੁਰਦੁਵਾਰਾ ਸੁਧਾਰ ਲਹਿਰ ਵਿੱਚ ਰਿਹਾ, ਉਹ ਇਸੇ ਬਾਣੇ ਵਿਚ ਹੀ ਰਿਹਾ। ਹੱਥ ਵਿਚ ਉਹ ਸਫਾਜੰਗ ਰੱਖਦਾ ਸੀ। ਪਠਾਣ ਉਸਨੂੰ ਹਰੀ ਸਿੰਘ ਨਲੂਆ ਆਖਦੇ ਸਨ। ਉਸਦਾ ਰੁਅਬ ਹੀ ਇੰਨਾ ਸੀ ਕਿ ਉਸਦੇ ਸਾਹਮਣੇ ਹੋ ਕੇ ਗੱਲ ਕਰਨ ਵਾਲਾ ਉਸਦੀ ਗੱਲ ਤੋਂ ਇਨਕਾਰ ਕਰ ਹੀ ਨਹੀਂ ਸੀ ਸਕਦਾ। ਪੰਜਾਬ ਦੇ ਕਈ ਡਿਪਟੀ ਕਮਿਸ਼ਨਰ ਤਾਂ ਉਸਦੇ ਰੁਅਬ ਹੇਠਾਂ ਆ ਕੇ ਹੀ ਗੁਰਦੁਵਾਰਿਆਂ ਦਾ ਕਬਜ਼ਾ ਦੇ ਜਾਂਦੇ ਸਨ। ਫੌਜ ਵਿੱਚ ਹੁੰਦਿਆਂ ਵੀ ਛਾਉਣੀ ਵਿੱਚੋਂ ਲੰਘਦੇ ਅੰਗ੍ਰੇਜ਼ਾਂ ਨੂੰ ਵੇਖ ਕੇ ਉਹ ਤਾੜੀਆਂ ਮਾਰ ਕੇ ਗਉਂਦਾ ਹੁੰਦਾ ਸੀ–"ਭੱਜੇ ਜਾਣ ਫ਼ਰੰਗੀ, ਵੱਜੇ ਘੁੰਗਰੂ।" ਸ: ਕਾਹਨ ਸਿੰਘ ਜੀ ਦਸਦੇ ਹਨ ਕਿ ਜਥੇਦਾਰ ਦੇ ਸਾਥ ਨੇ ਉਹਨਾਂ ਵਿੱਚ ਅਥਾਹ ਹੌਸਲਾ ਭਰ ਦਿੱਤਾ ਸੀ ਤੇ ਉਹ ਹਰ ਮੁਹਿੰਮ ਤੇ ਭਰਪੂਰ ਉਤਸ਼ਾਹ ਨਾਲ ਚੜ੍ਹਿਆ ਕਰਦੇ ਸਨ।

ਡਿਪਟੀ ਕਮਿਸ਼ਨਰ ਨੇ ਪਹਿਲੀ ਤਰੀਕ ’ਤੇ ਜਥੇਦਾਰ ਨੂੰ ਪੁੱਛਿਆ–

"ਤੁਸੀਂ ਕਿੱਥੋਂ ਆਏ ਹੋ?"

"ਪੰਜਾਬੋਂ।" ਜਥੇਦਾਰ ਨੇ ਰੁਅਬ ਨਾਲ ਉੱਤਰ ਦਿੱਤਾ।

"ਪੰਜਾਬੋਂ ਕਿਉਂ ਆਏ ਹੋ?"

"ਤੁਸੀਂ ਵਲੈਤੋਂ ਕਿਉਂ ਆਏ ਹੋ?" ਪੰਜਾਬ ਵਲੈਤ ਨਾਲੋਂ ਤਾਂ ਦੂਰ ਨਹੀਂ।"

"ਅਸੀਂ ਰਾਜ ਪ੍ਰਬੰਧ ਕਰਨ ਆਏ ਹਾਂ।"

"ਤਾਂ ਅਸੀਂ ਗੁਰਦੁਵਾਰਾ ਪ੍ਰਬੰਧ ਕਰਨ ਆਏ ਹਾਂ।" ਜਥੇਦਾਰ ਦਾ ਦ੍ਰਿੜਤਾ ਪੂਰਨ ਉੱਤਰ ਸੁਣ ਕੇ ਡੀ. ਸੀ. ਘਬਰਾ ਗਿਆ। ਉਸਨੇ ਵਾਅਦਾ ਕੀਤਾ ਕਿ ਕੁਝ ਤਰੀਕਾਂ ਪਾ ਕੇ ਫੈਸਲਾ ਸਿੰਘਾਂ ਦੇ ਹਕ ਵਿਚ ਕਰ ਦਿੱਤਾ ਜਾਵੇਗਾ।

ਜਿਸ ਦਿਨ ਗੁਰਦੁਵਾਰੇ ਦਾ ਕਬਜ਼ਾ ਲਿਆ ਸੀ, ਉਸ ਦਿਨ ਇੱਟਾਂ ਵੱਜਣ ਨਾਲ ਸੱਟਾਂ ਤਾਂ ਸਾਰੇ ਸਿੰਘਾਂ ਨੂੰ ਹੀ ਲੱਗੀਆਂ ਸਨ ਪਰ ਸ: ਸੋਹਣ ਸਿੰਘ ਦੀ ਬਾਂਹ ਤੇ ਵੱਧ ਸੱਟ ਲੱਗਣ ਕਾਰਣ ਟੁਟ ਗਈ ਸੀ ਤੇ ਮੱਥੇ ਵਿੱਚ ਵੀ ਗੰਭੀਰ ਸੱਟਾਂ ਸਨ। ਉਸ ਨੂੰ ਵਾਪਸ ਅੰਮ੍ਰਿਤਸਰ ਭੇਜ ਦਿੱਤਾ ਗਿਆ। ਤਾਂ ਕਿ ਉਹ ਆਪਣਾ ਇਲਾਜ ਵੀ ਕਰਵਾਏ ਅਤੇ ਤਿਆਰ ਹੋਏ ਜਥੇ ਨੂੰ ਵੀ ਭੇਜ ਦੇਵੇ। ਜਥਾ ਤੁਰਨ ਤੋਂ ਪਹਿਲਾਂ ਸ: ਅਮਰ ਸਿੰਘ ਝਬਾਲੀਏ ਨੇ ਜਥੇ ਵਾਲੇ ਸਿੰਘਾਂ ਵਿੱਚ ਦਹਿਸ਼ਤ ਫੈਲਾਉਣੀ ਚਾਹੀ ਅਤੇ ਕਹਿਣ ਲੱਗ ਪਿਆ ਕਿ ਪਸ਼ੌਰ ਦੇ ਪਠਾਣ ਤਾਂ ਸਿੱਖਾਂ ਨੂੰ ਕੱਚਿਆਂ ਨੂੰ ਹੀ ਖਾ ਜਾਣਗੇ। ਅਸਲ ਵਿਚ ਉਸਨੇ ਪਸ਼ੌਰੀ ਸਿੱਖਾਂ ਨੂੰ ਪਹਿਲਾਂ ਹੀ ਲਾਰਾ ਲਾਇਆ ਹੋਇਆ ਸੀ ਕਿ ਜਦ ਕਦੀ ਉਸ ਪਾਸ ਹਜ਼ਾਰ ਬਾਰ੍ਹਾਂ ਸੌ ਸਿੰਘ ਹੋਏ ਤਾਂ ਉਹ ਉਹਨਾਂ ਨੂੰ ਗੁਰਦੁਵਾਰੇ ਦਾ ਕਬਜ਼ਾ ਦੁਵਾ ਦੇਵੇਗਾ। ਹੁਣ ਉਹ ਚਾਹੁੰਦਾ ਸੀ ਕਿ ਇਹ ਮੁਹਿੰਮ ਉਸਦੇ ਹੀ ਹੱਥੋਂ ਫ਼ਤਿਹ ਹੋਵੇ। ਖ਼ੈਰ

ਉਸਦੀ ਪਰਵਾਹ ਕੀਤੇ ਬਿਨ੍ਹਾਂ ਇਕ ਤਕੜਾ ਜਥਾ ਪਸ਼ੌਰ ਨੂੰ ਰਵਾਨਾ ਹੋ ਗਿਆ। ਉਹਨਾਂ ਦੇ ਪਹੁੰਚਦਿਆਂ ਤੱਕ ਕਬਜ਼ੇ ਦਾ ਹੁਕਮ ਮਿਲ ਜਾਣ ਕਾਰਨ ਸਿੰਘਾਂ ਦੀ ਆਵਾਜ਼ਾਈ ਆਮ ਹੋ ਗਈ ਸੀ। ਜਥਾ ਵੀ ਪਹੁੰਚ ਗਿਆ ਤਾਂ ਪਸ਼ੌਰ ਸਿੰਘਾਂ ਦੀ ਛਾਉਣੀ ਹੀ ਜਾਪਣ ਲੱਗ ਪਿਆ। ਸੰਗਤਾਂ ਨੇ ਸਲਾਹ ਕੀਤੀ ਕਿ ਜਲੂਸ ਕੀ ਸ਼ਕਲ ਵਿਚ ਨਾਲੇ ਤਾਂ ਸ਼ਹਿਰ ਦੀ ਸੈਰ ਕੀਤੀ ਜਾਵੇ ਨਾਲੇ ਉੱਥੋਂ ਦੇ ਪਠਾਣਾਂ ਨੂੰ ਸਿੱਖੀ ਸ਼ਾਨ ਦਾ ਜਲਵਾ ਦਿਖਾਇਆ ਜਾਵੇ। ਸੋ ਇੱਕ ਤਕੜਾ ਜਲੂਸ ਕੱਢਿਆ ਗਿਆ। ਸਿੰਘ ਢੋਲਕੀਆਂ ਛੈਣਿਆਂ ਦੀ ਗੂੰਜ ਵਿੱਚ ਸ਼ਬਦ ਪੜ੍ਹਦੇ ਜਾਂਦੇ, ਪਿੱਛੇ 'ਅਕਾਲ ਅਕਾਲ' ਦੇ ਜੈਕਾਰੇ ਗੂੰਜਦੇ। ਅਜਬ ਰੰਗ ਬੱਝਿਆ ਹੋਇਆ ਸੀ। ਵੱਡੇ ਬਜ਼ਾਰਾਂ ਵਿੱਚ ਪਠਾਣ ਸਰਦਾਰਾਂ ਦੀਆਂ ਵੱਡੀਆਂ ਵੱਡੀਆਂ ਹਵੇਲੀਆਂ ਸਨ। ਉਹ ਵੀ ਬਾਹਰ ਆ ਕੇ ਸਿੰਘਾਂ ਦੀ ਚੜ੍ਹਤ ਦਾ ਨਜ਼ਾਰਾ ਮਾਣ ਰਹੇ ਸਨ। ਉਹਨਾਂ ਦਾ ਵੱਡਾ ਸਰਦਾਰ ਉੱਠ ਕੇ ਅੱਗੇ ਆਇਆ ਤੇ ਜਥੇਦਾਰ ਦੇ ਪੈਰਾਂ 'ਤੇ ਸਿਰ ਰੱਖ ਦਿੱਤਾ। ਜਥੇਦਾਰ ਨੇ ਪਿਆਰ ਨਾਲ ਉਸਨੂੰ ਉਠਾਇਆ 'ਤੇ ਕਿਹਾ-"ਇਉਂ ਨਹੀਂ ਕਰੀਦਾ ਸ਼ੇਰ-ਪਠਾਣ।"

'ਤੁਮ ਹਰੀ ਸਿੰਘ ਨਲੂਆ ਦੀ ਔਲਾਦ। ਤੁਮ ਭੀ ਬਹਾਦਰ, ਹਮ ਭੀ ਬਹਾਦਰ। ਹਿੰਦੂ ਬੁਤ-ਪੂਜ ਕਿਆ ਹੈਂ? ਜਬ ਭੀ ਜ਼ਰੂਰਤ ਪੜੇ ਹਮੇਂ ਹੁਕਮ ਕਰੀਏਗਾ। ਹਮ ਹਾਜ਼ਰ ਹੋਂਗੇ। ਖ਼ਾਲਸਾ ਕੋ ਹਮਾਰੇ ਬਾਗੋਂ ਮੇਂ ਭੇਜ ਦਿਆ ਕਰੋ। ਫਲ-ਫਰੂਟ, ਗੁੜ-ਸ਼ੱਕਰ ਖਾ ਆਇਆ ਕਰੇਂ। ਹਮ ਆਪ ਕੀ ਕਦਰ ਕਰਤਾ ਹੈ।"

ਇਹ ਲਫ਼ਜ਼ ਉਹਨਾਂ ਪਠਾਣਾਂ ਦੇ ਸਰਦਾਰ ਦੇ ਸਨ। ਜਿਹਨਾਂ ਬਾਰੇ ਸ: ਅਮਰ ਸਿੰਘ ਝੁਬਾਲੀਆ ਕਹਿੰਦਾ ਸੀ ਕਿ ਉਹ ਸਿੱਖਾਂ ਨੂੰ ਕੱਚਿਆਂ ਹੀ ਖਾ ਜਾਣਗੇ।

ਜਥੇਦਾਰ ਤੇਜਾ ਸਿੰਘ ਭੁੱਚਰ ਦੀ ਵਧਦੀ ਹਰਮਨ-ਪਿਆਰਤਾ ਤੇ ਚੜ੍ਹਤ ਤੋਂ ਖ਼ਾਰ ਖਾ ਕੇ ਮਾਝਾ ਦੀਵਾਨ ਵਾਲਿਆਂ ਨੇ ਉਸਦੇ ਕੰਮਾਂ ਵਿੱਚ ਰੋੜ੍ਹਾ ਅਟਕਾਉਣਾ ਚਾਹਿਆ। ਉਹਨਾਂ ਸਰਦਾਰ ਹਰਨਾਮ ਸਿੰਘ ਨਸ਼ਹਿਰਾ ਅਤੇ ਸ: ਕਰਤਾਰ ਸਿੰਘ ਸੁਰਸਿੰਘ ਨੂੰ ਜਥੇਦਾਰ ਨੂੰ ਫੜਕੇ ਲਿਆਉਣ ਵਾਸਤੇ ਭੇਜਿਆ। ਉਸ ਵੇਲੇ ਤਰੀਕ ਵਿੱਚ ਦੋ ਕੁ ਦਿਨ ਰਹਿੰਦੇ ਸਨ। ਸੋ ਤਰੀਕ ਭੁਗਤ ਕੇ ਅੰਮ੍ਰਿਤਸਰ ਜਾਣ ਦਾ ਪ੍ਰੋਗਰਾਮ ਬਣਿਆ। ਤਰੀਕ ਤੋਂ ਬਾਅਦ ਜਥੇਦਾਰ ਕੁਝ ਹੋਰ ਸਿੰਘਾਂ ਨੂੰ ਨਾਲ ਲੈ ਕੇ ਅੰਮ੍ਰਿਤਸਰ ਚਲਿਆ ਗਿਆ। ਪਰ ਅੱਗੋਂ ਸੈਂਟਰ ਮਾਝਾ ਦੀਵਾਨ ਵਾਲਿਆਂ ਨੇ ਉਸ ਨਾਲ ਚੰਗਾ ਸਲੂਕ ਨਾ ਕੀਤਾ। ਸਗੋਂ ਇਤਰਾਜ਼ ਕੀਤਾ ਕਿ ਉਹ ਗੁਰਦੁਵਾਰਾ ਸੁਧਾਰ ਲਹਿਰ ਨੂੰ ਬਿਨਾਂ ਪੁੱਛਿਆਂ ਹੀ ਅੱਗੇ ਵਧਾਈ ਜਾਂਦਾ ਹੈ। ਉਹਨਾਂ ਦੇ ਖ਼ਿਆਲ ਵਿਚ ਇਹ ਕੰਮ ਸਾਰੀ ਕੌਮ ਦਾ ਸਾਂਝਾਂ ਸੀ, ਉਹ ਨਹੀਂ ਸਨ ਚਾਹੁੰਦੇ ਕਿ ਉਹ ਇਕੱਲੇ ਇਤਨਾ ਭਾਰ ਚੁੱਕਣ। ਅਸਲ ਵਿਚ ਇਹ ਸਭ ਬਹਾਨੇ ਸਨ। ਉਹਨਾਂ ਨੂੰ ਦੁੱਖ ਤਾਂ ਇਹ ਸੀ ਕਿ ਇਸ ਮਹਾਨ ਕੰਮ ਦਾ ਸਿਹਰਾ ਜਥੇਦਾਰ ਦੇ ਸਿਰ ਜਾਂਦਾ ਸੀ ਅਤੇ ਸਿੱਖ ਸੰਗਤ ਉਸਦੇ ਇਸ਼ਾਰੇ 'ਤੇ ਵੱਡੀ ਤੋਂ ਵੱਡੀ ਕੁਰਬਾਨੀ ਕਰਨ ਨੂੰ ਤਿਆਰ ਖੜ੍ਹੀ ਸੀ। ਦੀਵਾਨ ਵੱਲੋਂ ਜਥੇਦਾਰ ਨੂੰ ਅਸਤੀਫ਼ਾ ਦੇਣ ਵਾਸਤੇ ਮਜ਼ਬੂਰ ਕੀਤਾ ਗਿਆ। ਜਥੇਦਾਰ ਨੇ ਵੀ ਦੀਵਾਨ ਵਿੱਚ ਰਹਿ ਕੇ ਹੱਥ 'ਤੇ ਹੱਥ ਧਰ ਕੇ ਬੈਠੇ ਰਹਿਣ ਨਾਲੋਂ , ਅਸਤੀਫਾ ਦੇ ਕੇ ਜੰਤਕ ਘੋਲ ਵਿਚ ਜੁੱਟੇ ਰਹਿਣ ਨੂੰ ਜ਼ਿਆਦਾ ਚੰਗਾ ਸਮਝਿਆ ਅਤੇ ਸਾਰਾ ਹਿਸਾਬ ਕਿਤਾਬ ਕਰ ਦਿੱਤਾ।

•

# ਸ੍ਰੀ ਹਰਿਮੰਦਰ ਸਾਹਿਬ ਤਰਨਤਾਰਨ ਦੀ ਆਜ਼ਾਦੀ

ਸ੍ਰੀ ਹਰਿਮੰਦਰ ਸਾਹਿਬ ਤਰਨ-ਤਾਰਨ ਦਾ ਪ੍ਰਬੰਧ ਵੀ ਉਹਨਾਂ ਦਿਨਾਂ ਵਿਚ ਪੁਜਾਰੀਆਂ ਪਾਸ ਸੀ। ਉਹ ਵੀ ਮਹੰਤਾਂ ਵਾਂਗ ਮਨਮਾਨੀਆਂ ਕਰਦੇ ਸਨ ਪਰ ਨਾਲ ਹੀ ਸਿੰਘਾਂ ਦੇ ਆ ਜਾਣ ਦਾ ਖ਼ੌਫ਼ ਵੀ ਉਹਨਾਂ ਦੇ ਦਿਲਾਂ ਵਿਚ ਬਣਿਆ ਹੋਇਆ ਸੀ। ਇੱਕ ਮਾਈ 'ਤੇ ਉਹਨਾਂ ਨੂੰ ਸ਼ੱਕ ਹੋਇਆ ਕਿ ਉਹ ਸਿੰਘਾਂ ਨਾਲ ਮੇਲ ਜੋਲ ਰੱਖਦੀ ਹੈ, ਇਸੇ ਕਾਰਨ ਗੁਰਦੁਵਾਰੇ ਵਿਚ ਖੇਡਦੇ ਉਸਦੇ ਛੋਟੇ ਜਿਹੇ ਪੁੱਤਰ ਨੂੰ ਪੁਜਾਰੀਆਂ ਨੇ ਗਲ ਨਾਲ ਪੱਥਰ ਬੰਨ੍ਹ ਕੇ ਸਰੋਵਰ ਵਿੱਚ ਡੋਬ ਦਿੱਤਾ ਸੀ। ਮਾਈ ਰੋਂਦੀ ਕੁਰਲਾਂਦੀ ਅੰਮ੍ਰਿਤਸਰ ਪਹੁੰਚੀ। ਉਸੇ ਦਿਨ ਜਥੇਦਾਰ ਤੇਜਾ ਸਿੰਘ ਭੁੱਚਰ ਨੇ ਸੈਂਟਰ ਮਾਝਾ ਦੀਵਾਨ ਵੱਲੋਂ ਅਸਤੀਫਾ ਦੇ ਕੇ ਗੁਰਦੁਵਾਰਾ ਪ੍ਰਬੰਧਕ ਕਮੇਟੀ ਦੀ ਮੀਟਿੰਗ ਸੱਦੀ ਹੋਈ ਸੀ। ਮੀਟਿੰਗ ਵਿੱਚ ਮਾਈ ਦੀ ਫ਼ਰਿਆਦ ਸੁਣ ਕੇ ਰੋਹ ਦਾ ਜਜ਼ਬਾ ਠਾਠਾਂ ਮਾਰ ਉੱਠਿਆ। ਝਟਾ-ਝਟ ਨਾਲ ਦੇ ਪਿੰਡਾਂ ਵਿੱਚ ਸੱਦੇ ਭੇਜ ਦਿੱਤੇ ਗਏ ਤੇ ਜਥੇ ਦੀ ਤਿਆਰੀ ਸ਼ੁਰੂ ਹੋ ਗਈ। ਅਗਲੇ ਦਿਨ ਸੰਗਤਾਂ ਤਰਨ-ਤਾਰਨ ਪਹੁੰਚ ਗਈਆਂ। ਪੁਜਾਰੀਆਂ ਨੇ ਦਿਨ ਤਾਂ ਟਾਲਮ-ਟੋਲ ਵਿੱਚ ਲੰਘਾ ਦਿੱਤਾ ਪਰ ਹਨੇਰਾ ਹੁੰਦਿਆਂ ਹੀ ਗੁਰਦੁਵਾਰੇ ਦੇ ਸਭ ਦੀਵੇ ਬੁਝਾ ਦਿੱਤੇ ਅਤੇ ਦਰੀਆਂ ਹੇਠੋਂ ਛਵ੍ਹੀਆਂ, ਗੰਡਾਸੇ ਕੱਢ ਕੇ ਉਹਨਾਂ ਦੇ ਗੁੰਡਿਆਂ ਨੇ ਵੱਢ ਟੁੱਕ ਕਰਨੀ ਸ਼ੁਰੂ ਕਰ ਦਿੱਤੀ। ਬੇ-ਹਥਿਆਰੀ ਸੰਗਤ ਬਾਹਰ ਨੂੰ ਭੱਜੀ। ਬਾਹਰ ਜਥੇ ਦੇ ਸਿੰਘ ਸਨ। ਉਹਨਾਂ ਅੰਦਰ ਦਾਖਲ ਹੋਣ ਦੀ ਕੋਸ਼ਿਸ਼ ਕੀਤੀ ਪਰ ਉਹਨਾਂ ਨੂੰ ਵੀ ਬੜੀ ਬੇ-ਰਹਿਮੀ ਨਾਲ ਮਾਰਿਆ ਗਿਆ। ਗੁੰਡੇ ਬੁੰਗਿਆਂ ਤੋਂ ਇੱਟੇ ਰੋੜੇ ਅਤੇ ਬਰੂਦ ਦੇ ਹੱਥ ਗੋਲੇ ਵੀ ਮਾਰ ਰਹੇ ਸਨ। ਇੰਝ ਸਾਰਾ ਚੌਕ ਉਹਨਾਂ ਨੇ ਖਾਲੀ ਕਰਵਾ ਲਿਆ। ਅੰਦਰ ਵਾਢ੍ਹ ਉਸੇ ਤਰ੍ਹਾਂ ਜਾਰੀ ਸੀ। ਇੱਥੇ ਇਹ ਗੱਲ ਖ਼ਾਸ ਵਰਨਣ ਯੋਗ ਹੈ ਕਿ ਹਰ ਗੁਰਦੁਵਾਰੇ ਦੇ ਪੁਜਾਰੀ ਜਾਂ ਮਹੰਤ ਇਹੋ ਸਮਝਦੇ ਸਨ ਕਿ ਖ਼ਾਲਸੇ ਨੂੰ ਅਜ ਤੱਕ ਉਹਨਾਂ ਵਰਗਾ ਡਾਢਾ ਕੋਈ ਟੱਕਰਿਆ ਹੀ ਨਹੀਂ। ਇਸੇ ਮਾਣ 'ਤੇ ਉਹ ਆਪਣਾ ਸਾਰਾ ਤਾਣ ਲਾ ਦਿਆ ਕਰਦੇ ਸਨ। ਉਹ ਸਮਝਦੇ ਸਨ ਕਿ ਕੇਵਲ ਉਹ ਗੁਰਦੁਵਾਰਾ ਸੁਧਾਰ ਲਹਿਰ ਨੂੰ ਠਲ੍ਹ ਪਾ ਸਕਦੇ ਸਨ। ਇਸ ਵੱਢ ਟੁੱਕ ਵਿੱਚ ਪੰਥ ਦੇ ਮੈਂਬਰ ਸ: ਬਲਵੰਤ ਸਿੰਘ ਅਤੇ ਸ: ਤੋਤਾ ਸਿੰਘ ਦੀਆਂ ਬਾਹਾਂ ਵੱਢੀਆਂ ਗਈਆਂ ਅਤੇ ਸ: ਹੁਕਮ ਸਿੰਘ ਅਤੇ ਸ: ਹਜ਼ਾਰਾ ਸਿੰਘ ਸ਼ਹੀਦ ਹੋ ਗਏ। ਇਸ 'ਤੇ ਸ: ਆਸਾ ਸਿੰਘ ਭੁੱਚਰ ਅੱਗੇ ਵਧਿਆ। ਉਸ ਨੇ ਦੋਹਾਂ ਹੱਥਾਂ ਵਿੱਚ ਡਾਂਗ ਫੜੀ ਅਤੇ ਆਪਣੇ ਸਿਰ ਉੱਤੇ ਕਰ ਲਈ। ਇੰਜ ਉਹ ਡਾਂਗਾਂ ਅਤੇ ਗੰਡਾਸਿਆਂ ਦੇ ਵਾਰ ਝੱਲਦਾ ਹੋਇਆ ਗੁਰਦੁਵਾਰੇ ਦੇ ਅੰਦਰ ਦਾਖ਼ਲ ਹੋ ਗਿਆ। ਬਸ ਅੰਦਰ ਵੜਨ ਦੀ ਦੇਰ ਸੀ, ਉਸ ਉਹ ਡਾਂਗ ਘੁਮਾਈ ਕਿ ਗੁੰਡਿਆਂ ਦੇ ਸੱਥਰ ਲੱਥ ਗਏ। ਫਿਰ ਕਈ ਹੋਰ ਸਿੰਘ ਵੀ ਅੰਦਰ ਆ ਗਏ। ਸਿੰਘਾਂ ਦਾ ਜ਼ੋਰ ਪੈ ਗਿਆ। ਉਹਨਾਂ ਨੇ ਪੁਜਾਰੀ ਧੂਹ ਕੇ ਬਾਹਰ ਕੱਢ ਲਏ। ਮੱਚਦਾ ਭਾਂਬੜ ਠੰਡਾ ਪਿਆ ਵੇਖ ਕੇ ਪੁਲੀਸ ਵੀ ਆ ਧਮਕੀ। ਉਹਨੇ ਪੁਜਾਰੀਆਂ ਨੂੰ ਗ੍ਰਿਫਤਾਰ ਕਰ ਲਿਆ। ਦਿਨੇ ਡਿਪਟੀ ਕਮਿਸ਼ਨਰ ਅੰਮ੍ਰਿਤਸਰ ਵੀ ਮੌਕੇ 'ਤੇ ਆ ਪਹੁੰਚੇ। ਉਸਨੇ ਸਿੰਘਾਂ ਨੂੰ ਕਿਹਾ ਕਿ ਉਹ ਮੁਕੱਦਮਾ ਕਰਨ ਤਾਂ ਜੋ ਪੁਜਾਰੀਆਂ ਨੂੰ ਸਜਾਵਾਂ ਦਿੱਤੀਆਂ ਜਾਣ। ਪਰ ਕਿਉਂ ਕਿ ਪੰਥ ਉਹਨਾਂ ਦਿਨਾਂ ਵਿੱਚ ਨਾ ਮਿਲਵਰਤਨੀਆਂ ਸੀ। ਇਸ ਲਈ ਅੰਗਰੇਜ਼ੀ ਅਦਾਲਤ ਤੋਂ ਉਹਨਾਂ ਇਨਸਾਫ਼ ਦੀ ਮੰਗ ਕਰਨੀ ਵੀ ਜਾਇਜ਼ ਨਾ ਸਮਝੀ। ਸਰਕਾਰ ਨੇ ਆਪ ਹੀ ਪੁਜਾਰੀਆਂ ਅਤੇ ਗੁੰਡਿਆਂ ਨੂੰ ਥੋੜ੍ਹੀ-ਥੋੜ੍ਹੀ ਸਜ਼ਾ ਕਰ ਦਿੱਤੀ। ਤਰਨ-ਤਾਰਨ ਗੁਰਦੁਵਾਰੇ ਦਾ ਪ੍ਰਬੰਧ ਜ: ਵਰਿਆਮ ਸਿੰਘ ਰਾਇ ਕਲਾਂ ਦੇ ਹੱਥਾਂ ਵਿੱਚ ਦੇ ਕੇ, ਜੋ ਕਿ ਸੈਂਟਰ ਮਾਝਾ ਦੀਵਾਨ ਦਾ ਹੀ ਮੈਂਬਰ ਸੀ, ਜਥੇਦਾਰ ਤੇਜਾ ਸਿੰਘ

ਭੁੱਚਰ ਫਿਰ ਸ: ਕਾਹਨ ਸਿੰਘ ਹੁਰਾਂ ਪਾਸ ਪਸ਼ੌਰ ਜਾ ਪਹੁੰਚਿਆ। ਜੋ ਕਿ ਉਸ ਨਾਲ ਹਰ ਮੁਸ਼ਕਿਲ ਵਿੱਚ ਮੋਢੇ ਨਾਲ ਮੋਢਾ ਲਾਕੇ ਤੁਰਨ ਦੀ ਹਿੰਮਤ ਤੇ ਉਤਸ਼ਾਹ ਰੱਖਦੇ ਸਨ।

•

## ਗੁਰਦੁਆਰਾ ਨਨਕਾਣਾ ਸਾਹਿਬ ਦੀ ਆਜ਼ਾਦੀ

ਸੈਂਟਰ ਮਾਝਾ ਦੀਵਾਨ ਵਾਲਿਆਂ ਨੇ ਬੇਸ਼ਕ ਤਰਨ-ਤਾਰਨ ਦੇ ਮੋਰਚੇ ਤੋਂ ਵੀ ਸਿੰਘਾਂ ਨੂੰ ਰੋਕਿਆ ਸੀ ਪਰ ਉਹਨਾਂ ਦੇ ਆਪਣੇ ਮੈਂਬਰ ਵੀ ਉੱਥੇ ਹੁੰਮ-ਹੁਮਾ ਕੇ ਪਹੁੰਚ ਗਏ ਸਨ। ਇਸ ਤੋਂ ਮਗਰੋਂ ਦੀਵਾਨ ਵੱਲੋਂ ਤਕਰੀਬਨ ਹਰ ਥਾਂ 'ਤੇ ਕੰਮ ਕਰ ਰਹੇ ਆਦਮੀਆਂ ਨੂੰ ਚਿੱਠੀਆਂ ਭੇਜੀਆਂ ਗਈਆਂ ਕਿ ਗੁਰਦੁਵਾਰਾ ਸੁਧਾਰ ਸਾਡਾ ਕੰਮ ਨਹੀਂ। ਇਹ ਸਾਰੇ ਪੰਥ ਦਾ ਸਾਂਝਾ ਕੰਮ ਹੈ (ਉਂਜ ਉਸ ਵੇਲੇ ਸਾਰਾ ਪੰਥ ਹੀ ਇਸ ਕੰਮ ਵਿਚ ਜੁੱਟਿਆ ਹੋਇਆ ਸੀ।) ਅਤੇ ਸਾਰੇ ਵਰਕਰਾਂ ਨੂੰ ਵਾਪਸ ਆ ਜਾਣ ਬਾਰੇ ਹੁਕਮ ਭੇਜਿਆ। ਸ: ਕਾਹਨ ਸਿੰਘ ਨੂੰ ਵੀ ਇਹੋ ਜਿਹਾ ਹੁਕਮ ਪਸ਼ੌਰ ਵਿਚ ਮਿਲਿਆ। ਪਰ ਉਹਨਾਂ ਨੇ ਉਸ ਹੁਕਮ ਦੀ ਕੋਈ ਪ੍ਰਵਾਹ ਨਾ ਕੀਤੀ ਅਤੇ ਧਰਮਾਰਥ ਗੁਰਦੁਵਾਰਾ ਸੁਧਾਰ ਅਤੇ ਜਨਤਾ ਵਿੱਚ ਗ਼ੁਲਾਮੀ ਦੇ ਖ਼ਿਲਾਫ਼ ਜਜ਼ਬਾ ਪੈਦਾ ਕਰਨ ਦੇ ਕੰਮ ਵਿਚ ਉਸੇ ਤਰ੍ਹਾਂ ਹੀ ਜੁੱਟੇ ਰਹੇ। ਕੁਝ ਦੇਰ ਬਾਅਦ ਇੱਕ ਜ਼ਰੂਰੀ ਮੀਟਿੰਗ 'ਤੇ ਅੰਮ੍ਰਿਤਸਰ ਆਉਣਾ ਪਿਆ। ਉਹਨਾਂ ਦੇ ਨਾਲ ਪਸ਼ੌਰ ਦੀ ਹੋਰ ਸੰਗਤ ਵੀ ਸੀ।

21 ਫਰਵਰੀ 1921 ਦੀ ਸ਼ਾਮ ਨੂੰ ਨਨਕਾਣਾ ਸਾਹਿਬ ਦੇ ਕਤਲੇਆਮ ਦੀ ਤਾਰ ਉਹਨਾਂ ਨੂੰ ਮਿਲੀ। ਜਥੇਦਾਰ ਤੇਜਾ ਸਿੰਘ ਭੁੱਚਰ ਤਾਂ ਉਸੇ ਰਾਤ ਹੀ ਨਨਕਾਣਾ ਸਾਹਿਬ ਪਹੁੰਚ ਗਿਆ। ਪਰ ਬਾਕੀ ਸਿੰਘਾਂ ਦਾ ਅਗਲੇ ਦਿਨ ਪਹਿਲੀ ਗੱਡੀ ਵਿਚ ਜਾਣ ਦਾ ਫ਼ੈਸਲਾ ਹੋਇਆ। ਸਰਕਾਰ ਨੇ ਸਿੱਖ ਸੰਗਤਾਂ ਨੂੰ ਨਨਕਾਣਾ ਸਾਹਿਬ ਪਹੁੰਚਣ ਤੋਂ ਰੋਕਣ ਲਈ ਟਿਕਟਾਂ ਬੰਦ ਕਰ ਦਿੱਤੀਆਂ ਸਨ। ਇਸ ਲਈ ਸਿੰਘ ਬਿਨਾਂ ਟਿਕਟਾਂ ਤੋਂ ਹੀ ਲਾਹੌਰ ਅਤੇ ਫਿਰ ਲਾਹੌਰ ਤੋਂ ਅੱਗੇ ਨਨਕਾਣਾ ਸਾਹਿਬ ਵੱਲ ਨੂੰ ਰਵਾਨਾ ਹੋ ਗਏ। ਕੋਈ ਸੱਤ ਕੁ ਸੌ ਸਿੰਘਾ ਦਾ ਜਥਾ ਸੀ। ਗੱਡੀ ਨਨਕਾਣਾ ਸਾਹਿਬ ਤੋਂ ਪਹਿਲਾਂ ਪੰਜ ਛੇ ਮੀਲ ਉਰਾਂ ਹੀ ਮੱਲ੍ਹਿਆਂਵਾਲੀ ਸਟੇਸ਼ਨ 'ਤੇ ਰੁਕੀ। ਕੁਝ ਸਿੰਘਾਂ ਨੇ ਉੱਥੇ ਹੀ ਉਤਰਨ ਦਾ ਵਿਚਾਰ ਪੇਸ਼ ਕੀਤਾ ਪਰ ਬਹੁਤੀ ਸੰਗਤ ਨਨਕਾਣਾ ਸਾਹਿਬ ਸਟੇਸ਼ਨ 'ਤੇ ਹੀ ਉੱਤਰਨ ਦਾ ਵਿਚਾਰ ਰੱਖਦੀ ਸੀ। ਮੱਲ੍ਹਿਆਂਵਾਲੀ ਤੋਂ ਗੱਡੀ ਚੱਲੀ ਤਾਂ ਨਨਕਾਣਾ ਸਾਹਿਬ ਸਟੇਸ਼ਨ 'ਤੇ ਰੁਕੇ ਬਿਨਾਂ ਹੀ ਉੱਥੋਂ ਬਹੁਤ ਦੂਰ (ਪੰਦਰਾਂ ਕੁ ਮੀਲ) ਜੜ੍ਹਾਂਵਾਲੀ ਮੰਡੀ ਜਾ ਕੇ ਰੁਕੀ। ਉੱਥੇ ਥੁਹੜੇ ਜਿਹੇ ਲੰਗਰ ਦਾ ਪ੍ਰਬੰਧ ਸੀ। ਸਿੰਘਾਂ ਨੇ ਇੱਕ ਇੱਕ ਰੋਟੀ ਅਤੇ ਇੱਕ ਇੱਕ ਗੜ੍ਹਵੀ ਪਾਣੀ ਪੀ ਕੇ ਵਾਪਸ ਲਾਇਨੇ ਲਾਇਨ ਚਾਲੇ ਪਾ ਦਿੱਤੇ। ਵਾਹਵਾ ਹਨੇਰਾ ਹੋਏ ਉਹ ਨਨਕਾਣਾ ਸਾਹਿਬ ਦੇ ਨੇੜੇ ਪਹੁੰਚ ਗਏ। ਉੱਥੇ ਉਹਨਾਂ ਨੂੰ ਲਾਲਟੈਣਾਂ ਵਾਲੇ ਸਿਪਾਹੀ ਫਿਰਦੇ ਦਿੱਸੇ। ਸ: ਤੋਤਾ ਸਿੰਘ ਪਸ਼ੌਰੀਆ ਅਤੇ ਸ: ਤੇਜਾ ਸਿੰਘ ਭਡਾਣਾ ਉਹਨਾਂ ਕੋਲ ਪਤਾ ਕਰਨ ਚਲੇ ਗਏ। ਸ: ਕਾਹਨ ਸਿੰਘ ਨੇ ਬਾਕੀ ਸਾਥੀਆਂ ਨੂੰ ਲਾਈਨ 'ਤੇ ਬਿਠਾ ਕੇ ਰਹਿਰਾਸ ਸਾਹਿਬ ਦਾ ਪਾਠ ਕੀਤਾ। ਸਿਪਾਹੀਆਂ ਪਾਸੋਂ ਪਤਾ ਲੱਗਿਆ ਕਿ ਗੁਰਦਵਾਰਿਆਂ ਦਾ ਪ੍ਰਬੰਧ ਸਿੰਘਾਂ ਹੱਥ ਆ ਚੁੱਕਿਆ ਹੈ ਅਤੇ ਪੁਲੀਸ ਉਹਨਾਂ ਦੀ ਮਦਦ ਕਰ ਰਹੀ ਹੈ। ਪਰ ਸ਼ਹਿਰ ਵਿੱਚ ਵੜਨ ਦੀ ਕਿਸੇ ਨੂੰ ਇਜ਼ਾਜਤ ਨਹੀਂ। ਉਹਨਾਂ ਦੱਸਿਆ

ਕਿ ਤੁਸੀਂ ਚੁੱਪ-ਚਾਪ ਥੁਹੜੇ ਥੁਹੜੇ ਆਦਮੀ ਕਰਕੇ ਲੰਘ ਜਾਉ, ਪਰ ਕਿਸੇ ਨੂੰ ਪਤਾ ਨਾ ਲੱਗੇ। ਸਿੰਘ ਚਾਰ ਚਾਰ ਦੀਆਂ ਟੋਲੀਆਂ ਬਣਾ ਕੇ ਮੰਡੀ ਵਿੱਚ ਦੀ ਹੁੰਦੇ ਹੋਏ ਗੁਰਦੁਵਾਰੇ ਵੱਲ ਚੱਲ ਪਏ। ਅੱਗੋਂ ਸ: ਕਰਤਾਰ ਸਿੰਘ ਝੱਬਰ ਮਿਲ ਪਿਆ। ਉਸ ਨੇ ਸਿੰਘਾਂ ਨੂੰ ਦੱਸਿਆ ਕਿ "ਇਸ ਵੇਲੇ ਰੋਟੀ ਪਾਣੀ ਦਾ ਤਾਂ ਕੋਈ ਪ੍ਰਬੰਧ ਨਹੀਂ ਹੈ। ਕੰਮ ਠੀਕ ਠਾਕ ਹੋ ਰਿਹਾ ਹੈ। ਗੁੰਡਿਆਂ ਦੀ ਫੜੋ-ਫੜਾਈ ਹੋ ਰਹੀ ਹੈ। ਤੁਸੀਂ ਥੱਕੇ ਆਏ ਹੋ, ਇਸ ਲਈ ਆਰਾਮ ਕਰੋ।"

ਮਹੰਤਾਂ ਅਤੇ ਉਹਨਾਂ ਦੇ ਗੁੰਡਿਆਂ ਦੇ ਕੀਤੇ ਕਤਲੇਆਮ ਤੋਂ ਮਗਰੋਂ ਡਿਪਟੀ ਕਮਿਸ਼ਨਰ ਗੁਰਦੁਵਾਰੇ ਨੂੰ ਜਿੰਦਰੇ ਮਾਰਕੇ ਚਾਬੀਆਂ ਲੈ ਚੱਲਿਆ ਸੀ ਪਰ ਜਥੇਦਾਰ ਨੇ ਹਾਲਾਤ ਵਿਗੜ ਜਾਣ ਦਾ ਦਬਕਾ ਮਾਰ ਕੇ ਚਾਬੀਆਂ ਲੈ ਲਈਆਂ ਸਨ। ਤੀਜੇ ਦਿਨ ਪੰਜਾਬ ਦਾ ਗਵਰਨਰ ਨਨਕਾਣਾ ਸਾਹਿਬ ਪਹੁੰਚਿਆ। ਜਦ ਉਸਨੇ ਸਾਰੇ ਗੁਰਦੁਵਾਰੇ ਵਿੱਚ ਹੱਡੀਆਂ, ਮਿੱਝ ਅਤੇ ਲਹੂ ਦੇ ਛੱਪੜ ਅਤੇ ਰੁਲਦੀਆਂ ਲਾਸ਼ਾਂ ਵੇਖੀਆਂ ਤਾਂ ਪੁੱਛਣ ਲੱਗਾ-"ਇਹ ਕੰਮ ਕਿਸ ਨੇ ਕੀਤਾ ਹੈ?" ਜਥੇਦਾਰ ਤੇਜਾ ਸਿੰਘ ਭੁੱਚਰ ਨੇ ਕਿਹਾ- "ਤੁਸਾਂ ਕੀਤਾ ਹੈ।" ਉਸਦਾ ਖ਼ਿਆਲ ਸੀ ਕਿ ਗਵਰਨਰ ਪੁੱਛੇਗਾ ਕਿ ਉਸ ਕਿਵੇਂ ਕੀਤਾ ਹੈ ਤਾਂ ਉਹ ਵਿਸਥਾਰ ਨਾਲ ਜਵਾਬ ਦੇਵੇਗਾ. ਪਰ ਉਸਦੇ 'ਤੁਸਾਂ ਕੀਤਾ ਹੈ' ਨੂੰ ਸੁਣ ਕੇ ਸਾਰੇ ਲੋਕੀਂ ਗਵਰਨਰ ਨੂੰ ਛਿੱਬੀਆਂ ਦੇਣ ਲੱਗ ਪਏ। ਉਸ ਦੇ ਮੂੰਹ ਤਕ ਹੱਥ ਲੈ ਜਾ ਕੇ ਆਖਣ-"ਤੁਸਾਂ ਕੀਤਾ ਹੈ, ਤੁਸਾਂ ਕੀਤਾ ਹੈ।" ਗਵਰਨਰ ਨੇ ਜਦ ਲੋਕਾਂ ਦਾ ਇਹ ਰਵੱਈਆ ਵੇਖਿਆ ਤਾਂ ਡਰਦਾ ਹੀ ਭੱਜ ਗਿਆ। ਲੋਕਾਂ ਦੇ ਦਿਲਾਂ ਨੂੰ ਇੰਨੀ ਭਾਰੀ ਠੇਸ ਪਹੁੰਚੀ ਸੀ ਕਿ ਸਰਕਾਰ ਵਿੱਚ ਇਹਨਾਂ ਨੂੰ ਹੋਰ ਛੇੜਨ ਦਾ ਸਾਹਸ ਹੀ ਨਹੀਂ ਸੀ।

ਮਹਾਤਮਾ ਗਾਂਧੀ ਵੱਲੋਂ ਇੱਕ ਤਾਰ ਭੇਜੀ ਗਈ ਸੀ। ਉਹ ਆਪ ਉੱਥੇ ਪਹੁੰਚ ਰਹੇ ਸਨ ਅਤੇ ਚਾਹੁੰਦੇ ਸਨ ਕਿ ਉਹਨਾਂ ਦੇ ਆਉਣ 'ਤੇ ਹੀ ਲਾਸ਼ਾਂ ਦਾ ਸਸਕਾਰ ਕੀਤਾ ਜਾਵੇ। ਚੌਥੇ ਦਿਨ ਮਹਾਤਮਾ ਜੀ ਪਹੁੰਚ ਗਏ। ਉਹਨਾਂ ਇਸ ਖ਼ੂਨੀ ਸਾਕੇ 'ਤੇ ਬਹੁਤ ਦੁੱਖ ਪ੍ਰਗਟ ਕੀਤਾ। ਸਾਰੇ ਸ਼ਹੀਦਾਂ ਦੇ ਅੰਗ ਇਕੱਠੇ ਕਰਕੇ ਸਸਕਾਰ ਕੀਤਾ ਗਿਆ। ਉਹ ਨਜ਼ਾਰਾ ਵੀ ਵੇਖਣ ਵਾਲਾ ਸੀ। ਕਰੁਣਾ ਅਤੇ ਰੋਹ ਦਾ ਐਸਾ ਸੁਮੇਲ ਹੋਰ ਕਿਤੇ ਵੀ ਵੇਖਣ ਵਿਚ ਨਹੀਂ ਆ ਸਕਦਾ।

•

# ਜੰਬਰਾਂ ਦੇ ਗੁਰਦੁਆਰੇ ਦੀ ਆਜ਼ਾਦੀ
# ਅਤੇ
# ਜਥੇਦਾਰ ਤੇਜਾ ਸਿੰਘ ਭੁੱਚਰ ਦੀ ਗ੍ਰਿਫ਼ਤਾਰੀ

ਨਨਕਾਣਾ ਸਾਹਿਬ ਜੰਬਰਾਂ ਦੇ ਸਿੰਘ ਵੀ ਪਹੁੰਚੇ ਹੋਏ ਸਨ। ਉਹਨਾਂ ਨੇ ਉੱਥੋਂ ਦੇ ਪ੍ਰਧਾਨ ਸ: ਹਰਬੰਸ ਸਿੰਘ ਅਟਾਰੀ ਪਾਸ ਬੇਨਤੀ ਕੀਤੀ ਕਿ ਸਾਡੇ ਗੁਰਦੁਆਰੇ ਦੇ ਮਹੰਤ ਬਹੁਤ ਮਨਮਾਨੀਆਂ ਕਰਦੇ ਹਨ। ਇੱਥੋਂ ਤਕ ਕਿ ਗੁਰਦੁਆਰੇ ਨੂੰ ਉਹਨਾਂ ਬੁੱਢੀਆਂ ਵੇਚਣ ਦੀ ਮੰਡੀ ਬਣਾ ਰੱਖਿਆ ਹੈ। ਉਹਨਾਂ ਦੀ ਬੇਨਤੀ ਨੂੰ ਪ੍ਰਵਾਨ ਕਰਕੇ ਜਥੇਦਾਰ ਤੇਜਾ ਸਿੰਘ ਭੁੱਚਰ ਅਤੇ ਸ: ਕਾਹਨ ਸਿੰਘ ਹੁਰਾਂ ਨੂੰ ਪੰਦਰਾਂ ਕੁ ਸਿੰਘਾਂ ਨਾਲ, ਲਿਖਤੀ ਹੁਕਮ ਦੇ ਕੇ ਜੰਬਰਾਂ ਨੂੰ ਭੇਜ ਦਿੱਤਾ। ਦਸ ਕੁ ਜੰਬਰਾਂ ਦੇ ਸਿੰਘ ਵੀ ਉਹਨਾਂ ਦੇ ਨਾਲ ਸਨ। ਉਹ ਛਾਂਗੇ ਮਾਂਗੇ ਤਕ ਗੱਡੀ ’ਤੇ ਅਤੇ ਅੱਠ ਕੁ ਮੀਲ ਪੈਦਲ ਤੁਰ ਕੇ ਹਨੇਰੇ ਹੋਏ ਜੰਬਰੀਂ ਪਹੁੰਚ ਗਏ। ਮਹੰਤ ਖੇਤਾਂ ਵਿੱਚ ਘਰ ਪਾ ਕੇ ਰਹਿੰਦਾ ਸੀ। ਸਵੇਰੇ ਜਦ ਸਿੰਘ ਜੰਗਲ ਪਾਣੀ ਗਏ ਤਾਂ ਉਸਦੇ ਘਰ ਵੱਲ ਜਾ ਨਿਕਲੇ। ਉਥੋਂ ਪਤਾ ਲੱਗਿਆ ਕਿ ਮਹੰਤ ਮੰਡੀ ‘ਪੱਤੋ ਕੀ’ ਚਲਿਆ ਗਿਆ ਹੈ। ਜਥੇਦਾਰ ਨੇ ਸ: ਕਾਹਨ ਸਿੰਘ ਨੂੰ ਕਿਹਾ ਕਿ ਮਹੰਤ ਨੂੰ ਫੜ ਕੇ ਲਿਆਉਣ ਦਾ ਕੰਮ ਉਹ ਕਰਨ ਕਿਉਂ ਕਿ ਇਹ ਉਹਨਾਂ ਦਾ ਆਪਣਾ ਇਲਾਕਾ ਹੈ। ਪੱਤੋ ਕੀ ਸ: ਕਾਹਨ ਸਿੰਘ ਦੇ ਆਪਣੇ ਪਿੰਡ ਛਤਾਲੀ-ਚੱਕ ਦੀ ਮੰਡੀ ਅਤੇ ਸਟੇਸ਼ਨ ਸੀ, ਇਸ ਲਈ ਉਹਨਾਂ ਦੀ ਉੱਥੇ ਚੰਗੀ ਵਾਕਫੀ ਸੀ। ਉਹ ਇੱਕ ਸਿੰਘ ਨੂੰ ਨਾਲ ਲੈ ਕੇ 9 ਮੀਲ ਪੈਦਲ ਤੁਰਕੇ ਪੱਤੋ ਕੀ ਪਹੁੰਚੇ। ਮਹੰਤ ਦੇ ਟਿਕਾਣੇ ਤੋਂ ਪਤਾ ਕੀਤਾ ਤਾਂ ਉਹ ਉੱਥੇ ਨਹੀਂ ਸੀ। ਉਹਨਾਂ ਨੂੰ ਦੱਸਿਆ ਗਿਆ ਕਿ ਉਹ ਭਾਈ ਨਿਹਾਲ ਸਿੰਘ ਕੋਲ ਬਹਿੜਵਾਲ ਹੋ ਸਕਦਾ ਹੈ। ਬਹਿੜਵਾਲ ਜਾਣ ’ਤੇ ਪਤਾ ਲੱਗਿਆ ਕਿ ਉਹ ਵਾਪਸ ਜੰਬਰੀਂ ਚਲਿਆ ਗਿਆ ਹੈ। ਉੱਥੋਂ ਮੁੜਕੇ ਉਹ ਫਿਰ ਜੰਬਰੀਂ ਆਏ। ਆਉਂਦਿਆਂ ਨੂੰ ਸਿੰਘਾਂ ਨੇ ਮਹੰਤ ਨੂੰ ਕਾਬੂ ਕੀਤਾ ਹੋਇਆ ਸੀ। ਨੇੜੇ ਦੇ ਲੋਕਾਂ ਸਾਹਮਣੇ ਉਸਦਾ ਆਪਣਾ ਨਿੱਜੀ ਸਮਾਨ ਉਸਨੂੰ ਦੇ ਕੇ ਤੋਰ ਦਿੱਤਾ ਗਿਆ। ਗੁਰਦੁਵਾਰੇ ਦੀ ਬਾਕੀ ਜਾਇਦਾਦ, ਇਕ ਕਮੇਟੀ ਬਣਾ ਕੇ ਉਸ ਨੂੰ ਦੇ ਦਿੱਤੀ ਗਈ ਅਤੇ ਗੁਰਦੁਵਾਰੇ ਦਾ ਠੀਕ ਢੰਗ ਨਾਲ ਗੁਰਮਰਯਾਦਾ ਅਨੁਸਾਰ ਪ੍ਰਬੰਧ ਕਰਨ ਦੀ ਜ਼ਿੰਮੇਵਾਰੀ ਕਮੇਟੀ ਨੂੰ ਸੌਂਪ ਕੇ ਸਿੰਘਾਂ ਨੇ ਅੱਗੇ ਚਾਲੇ ਪਾ ਦਿੱਤੇ।

ਜੰਬਰਾਂ ਦੇ ਮਹੰਤ ਨੇ ਸਰਕਾਰੇ ਰਿਪੋਰਟ ਕਰਕੇ ਜਥੇ ਵਾਲੇ ਸਿੰਘਾਂ ਦੇ ਵਰੰਟ ਕਢਵਾ ਦਿੱਤੇ। ਜਿਸ ਕਾਰਨ, ਪਸ਼ੌਰ ਵਾਲੇ ਗੁਰਦੁਵਾਰੇ ਦੀ ਆਖ਼ਰੀ ਤਰੀਕ ਦਾ ਫ਼ੈਸਲਾ ਪੰਥ ਦੇ ਹੱਕ ਵਿਚ ਹੋਣ ਸਾਰ ਹੀ ਜਥੇਦਾਰ ਤੇਜਾ ਸਿੰਘ ਭੁੱਚਰ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਪਰ ਸ: ਕਾਹਨ ਸਿੰਘ ਅਤੇ ਕੁਝ ਹੋਰ ਸਿੰਘ ਆਜ਼ਾਦ ਹੀ ਰਹੇ।

•

# ਗੜਗੱਜ-ਅਕਾਲੀ ਦੀਵਾਨ ਦੀ ਸਥਾਪਨਾ

ਜਥੇਦਾਰ ਤੇਜਾ ਸਿੰਘ ਭੁੱਚਰ ਨੇ ਗ੍ਰਿਫਤਾਰ ਹੋ ਕੇ ਸਟੇਸ਼ਨ ਤੋਂ ਗੱਡੀ ਚੜ੍ਹਦੇ ਵੇਲੇ ਸ: ਕਾਹਨ ਸਿੰਘ ਨੂੰ ਕਿਹਾ ਸੀ ਕਿ ਉਹ ਦੋਹ ਸਿੰਘਾਂ ਨਾਲ ਜਨਾਨਾ ਸਾਥ ਨਾਲ ਲੈ ਕੇ ਉਹਨਾਂ ਨੂੰ ਪੰਜਾਬ ਪਹੁੰਚਾ ਦੇਣ ਅਤੇ ਬਾਕੀ ਸਿੰਘ ਉਦੋਂ ਤੱਕ ਪਸ਼ੌਰ ਹੀ ਰਹਿਣ ਜਦੋਂ ਤੱਕ ਉਥੋਂ ਦੀ ਸੰਗਤ ਆਪ ਪ੍ਰਬੰਧ ਸੰਭਾਲ ਲੈਣ ਦੇ ਕਾਬਲ ਨਹੀਂ ਹੋ ਜਾਂਦੀ। ਇਸ ਲਈ ਸ: ਕਾਹਨ ਸਿੰਘ ਦੋਹ ਸਿੰਘਾਂ ਅਤੇ ਜ਼ਨਾਨੀਆਂ ਨਾਲ ਪੰਜਾਬ ਪਰਤ ਆਏ।

ਤਰਨ ਤਾਰਨ ਆ ਕੇ ਉਹਨਾਂ ਫੇਰ ਇੱਕ ਇਕੱਠ ਕੀਤਾ। ਜਿਸ ਵਿਚ ਸੈਂਟਰ ਮਾਝਾ ਦੀਵਾਨ ਤੋਂ ਅੱਡ ਹੋ ਕੇ "ਗੜਗੱਜ ਅਕਾਲੀ ਦੀਵਾਨ" ਦੀ ਸਥਾਪਨਾ ਕੀਤੀ ਗਈ ਅਤੇ ਗੁਰਦੁਵਾਰਾ ਸੁਧਾਰ ਨੂੰ ਮੁੱਖ ਨਿਸ਼ਾਨਾ ਬਣਾਇਆ ਗਿਆ। ਗੜਗੱਜ ਅਕਾਲੀ ਦੀਵਾਨ ਦੇ ਜਥੇਦਾਰ ਸ: ਤੇਜਾ ਸਿੰਘ ਭੁੱਚਰ (ਜਿਹਲ ਵਿੱਚ) ਬਣਾਏ ਗਏ। ਸ: ਯੋਧ ਸਿੰਘ 'ਕ੍ਰਿਪਾਨ ਬਹਾਦਰ' ਪਿੰਡ ਅੱਲੋਵਾਲ ਨੂੰ ਮੀਤ ਪ੍ਰਧਾਨ ਅਤੇ ਸ: ਕਾਹਨ ਸਿੰਘ ਨੂੰ ਸਕੱਤਰ ਬਣਾਇਆ ਗਿਆ। ਸ: ਯੋਧ ਸਿੰਘ ਬੜੇ ਧੜੱਲੇਦਾਰ, ਖਾੜਕੂ ਅਤੇ ਸਿੱਖੀ ਅਸੂਲਾਂ ਦੇ ਪਾਬੰਧ ਸਿੰਘ ਸਨ। ਆਪਣੇ ਇਲਾਕੇ ਵਿੱਚ ਉਹ ਬਹੁਤ ਹੀ ਹਰਮਨ ਪਿਆਰੇ ਸਨ। ਬਦਮਾਸ਼ ਲੋਕ ਉਹਨਾਂ ਦੇ ਨਾਮ ਤੋਂ ਵੀ ਡਰਦੇ ਹੁੰਦੇ ਸਨ। ਸ: ਕਾਹਨ ਸਿੰਘ ਨੂੰ ਉਹਨਾਂ ਦੇ ਜਵਾਈ ਹੋਣ ਦਾ ਮਾਣ ਪ੍ਰਾਪਤ ਹੈ। ਸ: ਯੋਧ ਸਿੰਘ ਦੇ ਦੋ ਸਪੁਤਰ ਡਾ. ਹਰਬੰਸ ਸਿੰਘ 'ਤਾਂਘ' ਅਲੋਵਾਲ ਅਤੇ ਗਿ: ਕਰਤਾਰ ਸਿੰਘ 'ਸ਼ਾਂਤ' ਬਹੁਤ ਚੰਗੇ ਰਾਗੀ ਰਹੇ ਹਨ। ਅਜ-ਕਲ ਡਾ. ਹਰਬੰਸ ਸਿੰਘ 'ਤਾਂਘ' ਡਾਕਟਰੀ ਦਾ ਕੰਮ ਕਰ ਰਹੇ ਹਨ ਅਤੇ ਗਿਆਨੀ ਕਰਤਾਰ ਸਿੰਘ 'ਸ਼ਾਂਤ' ਸ੍ਰੀ ਪਟਨਾ ਸਾਹਿਬ ਵਿਖੇ ਕਥਾਕਾਰ ਅਤੇ ਰਾਗੀ ਹਨ।

ਤਰਨ ਤਾਰਨ ਵਿੱਚ ਉਸੇ ਮੀਟਿੰਗ ਵਿੱਚ ਹੀ ਵੱਡੇ ਪੈਮਾਨੇ ਤੇ ਸਿੱਖੀ ਪ੍ਰਚਾਰ ਕਰਨ ਦਾ ਪ੍ਰੋਗਰਾਮ ਬਣਾਇਆ ਗਿਆ। ਇਸ ਕੰਮ ਵਾਸਤੇ ਦੋ ਸਫ਼ਰੀ ਜਥੇ ਬਣਾਏ ਗਏ, ਜਿਨ੍ਹਾਂ ਪਾਸ ਆਪਣੇ ਹੀ ਪ੍ਰਚਾਰਕ, ਅਖੰਡ-ਪਾਠੀ ਅਤੇ ਅੰਮ੍ਰਿਤ-ਪ੍ਰਚਾਰ ਕਰਨ ਵਾਲੇ ਗੁਣਵਾਨ ਸਿੰਘ ਹੁੰਦੇ ਸਨ। ਦੋਹਾਂ ਜਥਿਆਂ ਨੇ ਸਾਰੇ ਪੰਜਾਬ ਵਿੱਚ ਪਰਾਤਾਂ ਮਲ ਮਲ ਕੇ ਸਿੱਖੀ ਪ੍ਰਚਾਰ ਕਰਨਾ ਸ਼ੁਰੂ ਕਰ ਦਿੱਤਾ। ਸ: ਕਾਹਨ ਸਿੰਘ ਤੇ ਉਹਨਾਂ ਦੇ ਕੁਝ ਸਾਥੀ ਤਰਨ ਤਾਰਨ ਰਹਿਕੇ ਸੰਗਤਾਂ ਵੱਲੋਂ ਜਥਿਆਂ ਨੂੰ ਸੱਦਣ ਵਾਸਤੇ ਆਈਆਂ ਬੇਨਤੀਆਂ 'ਤੇ ਵਿਚਾਰ ਕਰਕੇ, ਉਹਨਾਂ ਅਨੁਸਾਰ ਜਥਿਆਂ ਦਾ ਪ੍ਰੋਗਰਾਮ ਬਣਾਉਂਦੇ। ਹਰ ਮੱਸਿਆ ਨੂੰ ਜਥੇ ਵਾਪਸ ਤਰਨਤਾਰਨ ਪਹੁੰਚ ਜਾਂਦੇ ਅਤੇ ਅਗਲੇ ਹੀ ਦਿਨ ਨਵਾਂ ਪ੍ਰੋਗਰਾਮ ਲੈ ਕੇ ਮਹੀਨੇ ਵਾਸਤੇ ਫਿਰ ਸਫ਼ਰੀ ਹੋ ਜਾਂਦੇ। ਜਥੇ ਨੂੰ ਬਾਹਰ ਦੇ ਗੁਣਵਾਨ ਮਹਾਂਪੁਰਖਾਂ ਦਾ ਸਹਿਯੋਗ ਵੀ ਪ੍ਰਾਪਤ ਹੁੰਦਾ ਰਹਿੰਦਾ ਸੀ। ਜਿਵੇਂ ਸ: ਕਿਸ਼ਨ ਸਿੰਘ ਕੜਤੋੜ 'ਢਾਡੀ' ਦਾ ਜਥਾ, ਰਾਗੀ ਭਾਈ ਖੜਕ ਸਿੰਘ, ਪ੍ਰਚਾਰਕ ਗਿਆਨੀ ਹਰੀ ਸਿੰਘ, ਸ: ਕਿਸ਼ਨ ਸਿੰਘ ਬੱਬਰ ਅਕਾਲੀ, ਅਰਜਨ ਸਿੰਘ ਗੜਗੱਜ ਅਤੇ ਸ: ਨਿਰੰਜਨ ਸਿੰਘ 'ਸਰਲ' ਵਰਗੇ ਝੋਲੀ -ਚੁਕਾਂ ਦੇ ਪੱਕੇ ਦੁਸ਼ਮਣ ਕਵੀ ਅਕਸਰ ਹੀ ਪ੍ਰਚਾਰਕ ਜਥਿਆਂ ਨੂੰ ਸਹਿਯੋਗ ਦਿੰਦੇ ਰਹਿੰਦੇ ਸਨ। ਇਹਨਾਂ ਦੀ ਮਦਦ ਪ੍ਰਚਾਰ ਪ੍ਰੋਗਰਾਮ ਨੂੰ ਹੋਰ ਵੀ ਅਸਰ-ਦਾਇਕ, ਰਸੀਲਾ ਅਤੇ ਦਿਲਕਸ਼ ਬਣਾ ਦਿੰਦੀ। ਇਸ ਸਿਲਸਿਲੇ ਨੇ ਸਿੱਖੀ ਦੀ ਨੀਂਹ ਹੋਰ ਪੱਕੀ ਤੇ ਡੂੰਘੀ ਕੀਤੀ ਅਤੇ ਆਮ ਜੰਤਾ ਨੂੰ ਸਿੱਖੀ ਧਰਮ ਦੇ ਅਨੁਯਾਈ ਅਤੇ ਹਮਦਰਦ ਬਣਾਇਆ। ਨਾਲ ਹੀ ਇਸ ਪ੍ਰਚਾਰ ਕਾਰਨ ਲੋਕਾਂ ਵਿਚ ਬਦੇਸ਼ੀ ਸਰਕਾਰ ਦੇ ਖਿਲਾਫ਼ ਨਫ਼ਰਤ ਤੇ ਰੋਹ ਦਾ ਜਜ਼ਬਾ ਪੈਦਾ, ਕਰਕੇ ਅਜ਼ਾਦੀ ਦੀ ਤੜਪ ਦਿਲਾਂ ਵਿਚ ਵਧਾ ਦਿੱਤੀ ਅਤੇ ਉਹ

ਅਜ਼ਾਦੀ ਲਈ ਚੱਲੀ ਹਰ ਮੂਵਮੈਂਟ ਵਿੱਚ ਜਾਨਾਂ ਹੂਲਕੇ ਲੜਨ ਲਈ ਤਿਆਰ ਹੋ ਪਏ।

ਸ: ਵਰਿਆਮ ਸਿੰਘ 'ਰਾਇ' ਜਥੇਦਾਰ ਦੀ ਗ੍ਰਿਫਤਾਰੀ ਦੇ ਨਾਲ ਹੀ ਗ੍ਰਿਫਤਾਰੀਆਂ ਦੇ ਸਿਲਸਿਲੇ ਵਿੱਚ ਸ: ਸਰਨ ਸਿੰਘ ਅਤੇ ਅਰਜਨ ਸਿੰਘ ਗੜਗੱਜ ਦੀ ਗ੍ਰਿਫਤਾਰੀ ਪਿੱਛੋਂ ਹਰਿਮੰਦਰ ਸਾਹਿਬ ਤਰਨ ਤਾਰਨ ਦੀ ਜਥੇਦਾਰੀ ਦਾ ਕੰਮ ਸ: ਕਾਹਨ ਸਿੰਘ ਨੂੰ ਸੌਂਪਿਆ ਗਿਆ। ਇਹ ਸੇਵਾ ਉਹਨਾਂ ਆਪਣਾ ਤਾਣ ਲਾ ਕੇ ਕਾਫ਼ੀ ਦੇਰ ਬਹੁਤ ਹੀ ਸ਼ਲਾਘਾਯੋਗ ਢੰਗ ਨਾਲ ਨਿਭਾਈ। ਉਹ ਗੁਰਦੁਵਾਰੇ ਦੀ ਮਾਇਆ ਵੱਲੋਂ ਬਿਲਕੁੱਲ ਨਿਰਲੇਪ ਰਹਿ ਕੇ, ਬਹੁਤ ਹੀ ਸਾਦਾ ਭੋਜਨ ਅਤੇ ਰਹਿਨ ਸਹਿਨ ਨਾਲ ਨਿਰਮਾਣ ਸੇਵਾ ਕਰਦੇ ਰਹੇ। ਕਾਫ਼ੀ ਦੇਰ ਬਾਅਦ ਗੁ: ਪ੍ਰਬੰਧਕ ਕਮੇਟੀ ਨੇ ਇੱਕ ਮਤਾ ਪਾਸ ਕੀਤਾ ਜਿਸ ਅਨੁਸਾਰ ਹਰ ਪ੍ਰਬੰਧਕ ਨੂੰ ਤਨਖਾਹ ਦੇਣ ਦਾ ਫ਼ੈਸਲਾ ਹੋਇਆ। ਪਰ ਸ: ਕਾਹਨ ਸਿੰਘ ਕਿਸੇ ਵੀ ਰੂਪ ਵਿਚ ਤਨਖਾਹ ਲੈਣ ਵਾਸਤੇ ਤਿਆਰ ਨਹੀਂ ਸਨ। ਭਾਈ ਮੋਹਨ ਸਿੰਘ ਵੈਦ ਆਦਿ ਨੇ ਉਹਨਾਂ ਨੂੰ ਇਸ ਲਈ ਰਜ਼ਾਮੰਦ ਕਰਨ ਦੀ ਬਹੁਤ ਕੋਸ਼ਿਸ਼ ਕੀਤੀ ਪਰ ਉਹ ਤਨਖਾਹ ਲੈਣ ਨੂੰ ਨਾ ਮੰਨੇ ਅਤੇ ਜਥੇਦਾਰੀ ਤੋਂ ਅਸਤੀਫ਼ਾ ਦੇ ਗਏ।

•

## ਗੁਰਦੁਵਾਰਾ ਖਡੂਰ ਸਾਹਿਬ, ਵਰਿਆਹਾਂ ਅਤੇ ਨਾਰੰਗਾਬਾਦ ਦੀ ਆਜ਼ਾਦੀ

ਸ: ਯੋਧ ਸਿੰਘ 'ਕ੍ਰਿਪਾਨ ਬਹਾਦਰ' ਨੇ 1921 ਸੰਮਤ ਦੀ ਹਾੜ ਦੀ ਸੰਗ੍ਰਾਂਦ ਨੂੰ ਖਡੂਰ ਸਾਹਿਬ ਦਾ ਗੁਰਦੁਵਾਰਾ, ਜਿਹੜਾ ਕਿ ਉਹਨਾਂ ਦੇ ਇਲਾਕੇ ਵਿੱਚ ਸੀ, ਆਜ਼ਾਦ ਕਰਵਾ ਲਿਆ ਸੀ। ਉੱਥੋਂ ਦੇ ਬਾਵਿਆਂ ਨੇ ਡੀ. ਸੀ. ਤੇ ਜ਼ੋਰ ਪਾ ਕੇ ਚੌਥੇ ਕੁ ਦਿਨ ਤਫ਼ਤੀਸ਼ ਲਈ ਸੱਦ ਲਿਆ। ਨਾਲ ਹੀ ਪੁਲੀਸ ਕਪਤਾਨ ਵੀ ਆ ਗਿਆ। ਜਥੇਦਾਰ ਯੋਧ ਸਿੰਘ ਨੇ ਦਰੀਆਂ ਵਿਛਵਾ ਦਿੱਤੀਆਂ ਪਰ ਸਰਕਾਰੀ ਅਮਲਾ-ਫੈਲਾ ਕੁਰਸੀਆਂ ਲੈ ਆਇਆ। ਉਹਨਾਂ ਨੇ ਦਰਬਾਰ ਸਾਹਿਬ ਦੇ ਸਾਹਮਣੇ ਹੀ ਕੁਰਸੀਆਂ ਡਾਹ ਦਿੱਤੀਆਂ। ਜਥੇਦਾਰ ਨੇ ਕਿਹਾ ਕਿ-"ਗੁਰਦੁਵਾਰੇ ਵਿਚ ਕੁਰਸੀਆਂ ਨਹੀਂ ਡਾਹੁਣੀਆਂ।"

"ਅਸੀਂ ਤਾਂ ਮੰਜੇ ਵੀ ਡਾਹੁੰਦੇ ਰਹੇ ਹਾਂ।" ਇੱਕ ਬਾਵੇ ਨੇ ਆਪਣਾ ਰੋਅਬ ਦੱਸਿਆ।

"ਤਾਂ ਹੀ ਤਾਂ ਤੁਹਾਨੂੰ ਕੱਢਿਆ ਹੈ।" ਜਥੇਦਾਰ ਨੇ ਰੋਹ ਵਿਚ ਕਿਹਾ।

"ਕੁਰਸੀਆਂ ਇੱਥੇ ਡਹਿਣਗੀਆਂ।" ਪੁਲੀਸ ਕਪਤਾਨ ਨੇ ਆਪਣੀ ਅਫ਼ਸਰੀ ਦੀ ਧੌਂਸ ਜਮਾਉਂਦਿਆਂ ਡੀ. ਸੀ. ਨੂੰ ਬੈਠਣ ਵਾਸਤੇ ਕੁਰਸੀ ਦੇ ਦਿੱਤੀ। ਡੀ. ਸੀ. ਅਜੇ ਬੈਠਣ ਹੀ ਲੱਗਿਆ ਸੀ ਕਿ ਜਥੇਦਾਰ ਯੋਧ ਸਿੰਘ ਨੇ ਕੁਰਸੀ ਖਿੱਚ ਲਈ। ਡੀ. ਸੀ. ਧੜੈਂ ਕਰਦਾ ਡਿੱਗ ਪਿਆ। ਬਹੁਤ ਰੌਲਾ ਪੈ ਗਿਆ। ਜਥੇਦਾਰ ਨੂੰ ਗ੍ਰਿਫਤਾਰ ਕਰ ਲਿਆ ਗਿਆ ਅਤੇ ਛੇ ਮਹੀਨੇ ਦੀ ਸਜ਼ਾ ਸੁਣਾ ਕੇ ਗੁਰਦਾਸਪੁਰ ਜਿਹਲ ਵਿੱਚ ਭੇਜ ਦਿੱਤਾ ਗਿਆ।

ਜਿਹਲ ਵਿਚ ਜਾਮਾ ਤਲਾਸ਼ੀ ਵੇਲੇ ਉਸਦੀ ਕ੍ਰਿਪਾਨ ਲਾਹ ਲਈ ਗਈ। ਜਥੇਦਾਰ ਸਮਝਿਆ ਕਿ ਕ੍ਰਿਪਾਨ ਬਿਨਾਂ ਸਿੱਖ ਦਾ ਕੀ ਜੀਣਾ? ਸੋ ਉਸਨੇ ਅੰਨ-ਜਲ ਛੱਡ ਦਿੱਤਾ। ਜਦ ਭੁੱਖ ਕਾਰਨ ਤਕਲੀਫ਼ ਜ਼ਿਆਦਾ ਵੱਧ ਗਈ ਤਾਂ ਦਰੋਗੇ ਨੇ ਡਾਕਟਰੀ

ਤਰੀਕੇ ਨਾਲ ਖ਼ੁਰਾਕ ਦੇਣ ਲਈ ਡਾਕਟਰ ਭੇਜਿਆ। ਪਰ ਜਥੇਦਾਰ ਨੇ ਛਿੱਤਰ ਵਿਖਾ ਕੇ ਡਾਕਟਰ ਨੂੰ ਭਜਾ ਦਿੱਤਾ। ਜਦ ਸਰੀਰ ਬਹੁਤ ਹੀ ਕਮਜ਼ੋਰ ਹੋ ਗਿਆ ਤਾਂ ਜਿਹਲ ਦੇ ਕਰਮਚਾਰੀਆਂ ਨੇ ਆਪਣੇ ਸਿਰ ਖ਼ੂਨ ਪੈਣ ਦੇ ਡਰ ਤੋਂ ਕ੍ਰਿਪਾਨ ਵਾਪਸ ਕਰ ਦਿੱਤੀ। ਇਸ ਕੁਰਬਾਨੀ ਦੀ ਸਾਰੇ ਪੰਥ ਅਤੇ ਜਨਤਾ ਵਿਚ ਬਹੁਤ ਹੀ ਪ੍ਰਸੰਸਾ ਕੀਤੀ ਗਈ।

ਜਦੋਂ ਜਥੇਦਾਰ ਸਜ਼ਾ ਭੁਗਤ ਕੇ ਵਾਪਸ ਅੰਮ੍ਰਿਤਸਰ ਪਹੁੰਚਿਆ ਤਾਂ ਸਟੇਸ਼ਨ ਤੇ ਪਹੁੰਚ ਕੇ ਸ਼ਹਿਰ ਅਤੇ ਬਾਹਰ ਦੀਆਂ ਸੰਗਤਾਂ ਨੇ ਉਹਨਾਂ ਦਾ ਬਹੁਤ ਸ਼ਾਨਦਾਰ ਸੁਵਾਗਤ ਕੀਤਾ। ਜਥੇਦਾਰ ਨੂੰ ਫੁੱਲਾਂ ਦੇ ਹਾਰਾਂ ਨਾਲ ਲੱਦ ਦਿੱਤਾ ਗਿਆ। ਨਾਲ ਹੀ ਉਹਨਾਂ ਦੇ ਦੋਂਵੇਂ ਸਪੁਤ੍ਰ ਹਰਬੰਸ ਸਿੰਘ 'ਤਾਂਘ' ਅਤੇ ਗਿ:ਕਰਤਾਰ ਸਿੰਘ 'ਸ਼ਾਂਤ' ਵੀ ਸਨ। ਉਹ ਉਦੋਂ ਬੱਚੇ ਹੀ ਸਨ। ਉਹਨਾਂ ਨੂੰ ਵੀ ਫੁੱਲਾਂ ਦੇ ਹਾਰਾਂ ਵਿੱਚ ਲੁਕਾ ਦਿੱਤਾ ਗਿਆ। ਉਹ ਫੁੱਲਾਂ ਵਿੱਚ ਟਹਿਕਦੇ ਫੁੱਲ ਹੀ ਜਾਪਦੇ ਸਨ। ਖੁੱਲ੍ਹੀ ਕਾਰ ਵਿਚ ਉਹਨਾਂ ਨੂੰ ਜਲੂਸ ਦੀ ਸ਼ਕਲ ਵਿੱਚ ਅਕਾਲ ਤਖ਼ਤ ਲਿਆਂਦਾ ਗਿਆ। ਅਕਾਲ ਤਖਤ ਦੇ ਜਥੇਦਾਰ ਵੱਲੋਂ ਸ. ਯੋਧ ਸਿੰਘ ਨੂੰ ਸਿਰੋਪਾ ਦਿੱਤਾ ਗਿਆ ਅਤੇ ਨਾਲ ਹੀ 'ਕ੍ਰਿਪਾਨ ਬਹਾਦਰ' ਦਾ ਖ਼ਿਤਾਬ ਵੀ ਪ੍ਰਦਾਨ ਕੀਤਾ ਗਿਆ।

ਜਥੇਦਾਰ ਯੋਧ ਸਿੰਘ ਦੀ ਗ੍ਰਿਫਤਾਰੀ ਵੇਲੇ ਸ: ਕਾਹਨ ਸਿੰਘ ਤਰਨ ਤਾਰਨ ਹੀ ਸਨ। ਖਡੂਰ ਸਾਹਿਬ ਦੇ ਕਬਜ਼ੇ ਦੇ ਸਿਲਸਿਲੇ ਵਿੱਚ ਡੀ. ਸੀ. ਨੇ ਫਿਰ ਖਡੂਰ ਸਾਹਿਬ ਆਉਣਾ ਸੀ। ਸ: ਕਾਹਨ ਸਿੰਘ ਨੂੰ ਖਡੂਰ ਸਾਹਿਬ ਪਹੁੰਚਣ ਦਾ ਸੁਨੇਹਾ ਮਿਲਿਆ। ਉਹ ਪੰਦਰਾਂ ਕੁ ਆਦਮੀ ਲੈ ਕੇ ਉੱਥੇ ਪਹੁੰਚ ਗਏ। ਹੋਰ ਲਾਗੇ ਬੰਨੇ ਤੋਂ ਵੀ ਬੜੀ ਸੰਗਤ ਪਹੁੰਚੀ ਹੋਈ ਸੀ ਪਰ ਡੀ. ਸੀ. ਕਿਸੇ ਕਾਰਨ ਨਾ ਆ ਸਕਿਆ। ਉਥੇ ਵਰਿਆਹਾਂ ਦੇ ਸਿੰਘ ਵੀ ਆਏ ਹੋਏ ਸਨ। ਉਹਨਾਂ ਦੇ ਕਹਿਣ 'ਤੇ ਸ: ਕਾਹਨ ਸਿੰਘ ਨੇ ਜਥਾ ਲੈ ਜਾ ਕੇ ਉਹਨਾਂ ਦੇ ਗੁਰਦੁਵਾਰੇ ਦਾ ਕਬਜ਼ਾ ਵੀ ਉਹਨਾਂ ਦੀ ਕਮੇਟੀ ਨੂੰ ਦਵਾ ਦਿੱਤਾ। ਉੱਥੋਂ ਉਹਨਾਂ ਨੂੰ ਪਤਾ ਲੱਗਿਆ ਕਿ ਨੌਰੰਗਾਬਾਦ ਦਾ ਮਹੰਤ ਬਹੁਤ ਬਦਮਾਸ਼ੀਆਂ ਕਰਦਾ ਹੈ। ਲੋਕਾਂ ਦੱਸਿਆ ਕਿ ਪਿੰਡ ਜਾਮਾਰਾਏ ਦੀ ਇੱਕ ਜ਼ਨਾਨੀ ਉਸ ਕੋਲ ਸੀ। ਭਾਈ ਮੋਹਨ ਸਿੰਘ ਵੈਦ ਨੇ ਜ਼ਾਮਨ ਬਣ ਕੇ ਜ਼ਨਾਨੀ ਵਾਪਸ ਕਰਵਾ ਦੇਣੀ ਚਾਹੀ ਸੀ ਪਰ ਮਹੰਤ ਵਾਅਦੇ ਤੋਂ ਮੁਕਰ ਗਿਆ ਸੀ। ਅਗਲੇ ਦਿਨ ਸਵੇਰੇ ਹੀ ਜਾਮਾਰਾਏ ਦੇ ਲੋਕਾਂ ਨੇ ਮਹੰਤ ਨੂੰ ਘੇਰਨਾ ਸੀ। ਇਸ ਝਗੜੇ ਨੂੰ ਨਿਪਟਾਉਣ ਅਤੇ ਕੁਕਰਮੀ ਮਹੰਤ ਨੂੰ ਗੁਰਦੁਵਾਰੇ ਵਿੱਚੋਂ ਕੱਢਣ ਦੇ ਖ਼ਿਆਲ ਨਾਲ ਸ: ਕਾਹਨ ਸਿੰਘ ਵੀ ਜਥਾ ਨਾਲ ਲੈਕੇ ਅਗਲੇ ਦਿਨ ਸੁਵਖਤੇ ਹੀ ਨਾਰੰਗਾਬਾਦ ਪਹੁੰਚ ਗਏ। ਬਾਹਰਵਾਰ ਇੱਕ ਖੂਹ ਵਗਦਾ ਸੀ। ਸਿੰਘਾਂ ਨੇ ਉੱਥੇ ਇਸ਼ਨਾਨ ਕੀਤਾ। ਘਾਹ 'ਤੇ ਬੈਠਕੇ ਨਿੱਤਨੇਮ ਦਾ ਪਾਠ ਕਰਨ ਲੱਗ ਪਏ। ਅਜੇ ਉਹ ਜਾਮਾਰਾਏ ਦੇ ਲੋਕਾਂ ਦੀ ਉਡੀਕ ਹੀ ਕਰ ਰਹੇ ਸਨ ਕਿ ਕਿਸੇ ਨੇ ਮਹੰਤ ਨੂੰ ਜਾ ਦੱਸਿਆ ਕਿ ਬਾਹਰ ਸਿੰਘ ਆਏ ਬੈਠੇ ਹਨ। ਉਹ ਸੁਣਦਿਆਂ ਹੀ ਨੌਰੰਗਾਬਾਦ ਪਿੰਡ ਨੂੰ ਭੱਜ ਗਿਆ ਅਤੇ ਉੱਥੋਂ ਉਹਨਾਂ ਲੋਕਾਂ ਨੂੰ ਚੜ੍ਹਾ ਲਿਆਇਆ ਜਿਨ੍ਹਾਂ ਨੂੰ ਉਹ ਸ਼ਰਦਾਈਆਂ ਅਤੇ ਸੁੱਖਾ ਪਿਆਉਂਦਾ ਹੁੰਦਾ ਸੀ ਅਤੇ ਜਿਹੜੇ ਉਸ ਨੂੰ ਕਿਹਾ ਕਰਦੇ ਸਨ ਕਿ ਜੇ ਸਿੰਘ ਆਏ ਤਾਂ ਉਹ ਉਸਦੀ ਮਦਦ ਕਰਨਗੇ। ਉਹਨਾਂ ਦੇ ਹੱਥ ਜੋ ਵੀ ਹਥਿਆਰ ਆਇਆ, ਉਹ ਲੈ ਕੇ ਦੌੜ ਪਏ। ਬਹੁਤ ਰੌਲਾ ਪੈਂਦਾ ਅਤੇ ਘਟਾ ਉਡਦਾ ਆਉਂਦਾ ਵੇਖ ਕੇ ਸਿੰਘਾਂ ਨੇ ਸੋਚਿਆ ਕਿ ਹੁਣ ਬਾਹਰ ਬੈਠੇ ਰਹਿਣਾ ਠੀਕ ਨਹੀਂ। ਸ: ਕਾਹਨ ਸਿੰਘ ਨੇ ਕਿਹਾ–"ਚੱਲੋ ਸਿੰਘੋ ਗੁਰਦੁਵਾਰੇ ਵਿੱਚ ਜਾ ਕੇ ਬੈਠੀਏ। ਘਟੋ ਘਟ 'ਮਰੋਂ ਤਾਂ ਹਰ ਕੇ ਦੁਵਾਰ' ਦਾ ਮਹਾਂਵਾਕ ਤਾਂ ਪੂਰਾ ਹੋਵੇ। ਸਿੰਘ ਗੁਰਦੁਵਾਰੇ ਜਾ ਬੈਠੇ, ਜਿਹੜਾ ਕਿ ਪਿੰਡ ਤੋਂ ਬਾਹਰ ਕੁਝ ਦੂਰ ਸੀ। ਮਹੰਤ ਦੇ ਗੁੰਡਿਆਂ ਅਤੇ ਭੋਲੇ ਭਾਲੇ ਵਰਗਲਾਏ ਹੋਏ ਲੋਕਾਂ ਨੇ ਗੁਰਦੁਵਾਰੇ ਨੂੰ

ਆਣ ਘੇਰਿਆ। ਸਿੰਘਾਂ ਸੋਚਿਆ ਕਿ ਬੁਰੀ ਬਣੀ। ਇਹ ਸਾਡੇ ਹੀ ਲੋਕਾਂ ਨੂੰ ਸਾਡੇ ਖ਼ਿਲਾਫ਼ ਚੜ੍ਹਾ ਲਿਆਇਆ ਹੈ। ਹੁਣ ਜੇ ਲੜੀਏ ਵੀ ਤਾਂ ਕਿਸ ਨਾਲ ਲੜੀਏ? ਖ਼ੈਰ ਸਿੰਘਾਂ ਵਿੱਚ ਇੱਕ ਬਜ਼ੁਰਗ ਸੀ ਬਾਬਾ ਵੀਰ ਸਿੰਘ ਫ਼ਤਿਆਬਾਦ ਦਾ। ਉਹ ਬਹੁਤ ਸਿਆਣਾ ਆਦਮੀ ਸੀ। ਉਹ ਅੱਗੇ ਹੋ ਕੇ ਆਖਣ ਲੱਗਾ–"ਭਾਈ ਗੁਰੂ ਪਿਆਰਿਓ! ਅਸੀਂ ਥੁਹੜੇ ਜਿਹੇ ਸਿੰਘ ਈ ਹੈਗੇ ਆਂ। ਅਸੀਂ ਤੁਹਾਡੇ ਤੋਂ ਭੱਜ ਤਾਂ ਜਾਣਾ ਈ ਨਹੀਂ। ਪਰ ਤੁਸੀਂ ਮੇਰੀ ਇੱਕ ਗੱਲ ਸੁਣ ਲਉ, ਫਿਰ ਜੋ ਜੀ ਆਵੇ ਕਰਿਆ ਜੇ। ਗੱਲ ਇਉਂ ਹੈ ਕਿ ਜਦ ਅਸੀਂ ਪਸ਼ੌਰ ਹੁੰਦੇ ਸਾਂ ਤਾਂ ਅਸੀਂ ਉੱਥੇ ਦੇ ਲੋਕਾਂ ਨੂੰ ਕਿਹਾ ਕਰਦੇ ਸਾਂ ਕਿ ਵੇਖ ਲਉ, ਜੇ ਇੱਕ ਵੀ ਸਿੰਘ ਦਾ ਤੁਸੀਂ ਨੁਕਸਾਨ ਕਰਨ ਦੀ ਕੋਸ਼ਿਸ਼ ਕੀਤੀ ਤਾਂ ਪੰਜਾਬੋਂ ਬੱਤੀ ਲੱਖ ਖ਼ਾਲਸਾ ਚੜ੍ਹਾਈ ਕਰਕੇ ਆਵੇਗਾ ਤੁਹਾਡੀ ਬੋਟੀ ਬੋਟੀ ਨਹੀਂ ਲੱਭਣੀ! ਤੇ ਉਹ ਲੋਕ ਸਾਡੇ ਤੋਂ ਥਰ-ਥਰ ਕੰਬਦੇ ਹੁੰਦੇ ਸਨ। ਭਈ ਜੇ ਉਹਨਾਂ ਨੂੰ ਪਤਾ ਹੁੰਦਾ ਕਿ ਤੁਸੀਂ ਵੀ ਉਹਨਾਂ ਬੱਤੀ ਲੱਖ ਵਿੱਚੋਂ ਈ ਜੇ ਤੇ ਬੱਤੀ ਲੱਖ ਖਾਲਸਾ ਤੁਹਾਡੇ ਵਰਗਾ ਏ ਹੈ, ਤਾਂ ਉਹ ਸਾਨੂੰ ਕੱਚਿਆਂ ਨੂੰ ਖਾ ਜਾਂਦੇ।"

ਇਹ ਗੱਲ ਸੁਣ ਕੇ ਮਾਂਗਵੀ ਧਾੜ੍ਹ ਨੂੰ ਕੁਝ ਠੱਲ੍ਹ ਪੈ ਗਈ। ਉਹ ਸੋਚਣ ਲੱਗ ਪਏ ਕਿ ਉਹ ਕਿਹਨਾਂ 'ਤੇ ਹਥਿਆਰ ਚੁੱਕ ਲਿਆਏ ਹਨ। ਇੰਨੇ ਨੂੰ ਸਃ ਏਕਮ ਸਿੰਘ ਨਾਰੰਗਾਬਾਦੀਆ ਟਕੂਆ ਲੈ ਕੇ ਆ ਧਮਕਿਆ। ਲੱਗਾ ਪਿੰਡ ਵਾਲਿਆਂ ਨੂੰ ਗਾਲ੍ਹਾਂ ਕੱਢਣ। ਅਖੇ–'ਤੁਸੀਂ ਸਿੰਘਾਂ ਨੂੰ ਮਾਰਨ ਆਏ ਜੇ? ਮੈਂ ਤੁਹਾਨੂੰ ਸਾਰਿਆਂ ਨੂੰ ਮਾਰ ਸੁਟੂੰਗਾ।" ਸਃ ਕਾਹਨ ਸਿੰਘ ਨੇ ਉਸਨੂੰ ਸਮਝਾਇਆ ਕਿ ਮਸਾਂ ਤਾਂ ਅਸਾਂ ਲੋਕਾਂ ਨੂੰ ਠੰਡਿਆਂ ਕੀਤਾ ਹੈ ਤੇ ਹੁਣ ਹੋਰ ਕਿਉਂ ਪੁਵਾੜਾ ਪਾਉਣ ਲੱਗਾ ਹੈ? ਅਜੇ ਇਹ ਗੱਲਾਂ ਹੁੰਦੀਆਂ ਹੀ ਸਨ ਕਿ ਜਾਮਾਰਾਏ ਦੀ ਵਹੀਰ ਵੀ ਆ ਪਹੁੰਚੀ। ਮਹੰਤ ਦੇ ਬੰਦਿਆਂ ਦਾ ਤਾਂ ਫਿਰ ਪਤਾ ਹੀ ਨਾ ਲੱਗਿਆ ਕਿ ਉਹ ਕਿਧਰ ਨੂੰ ਗਏ ਪਰ ਮਹੰਤ ਨੂੰ ਸਿੰਘਾਂ ਨੇ ਫੜ ਲਿਆ। ਉਹ ਭੱਜਣ ਦੀ ਕੋਸ਼ਿਸ਼ ਕਰੇ ਪਰ ਸਿੰਘ ਉਸਨੂੰ ਭੱਜਣ ਨਾ ਦੇਣ। ਆਖਰ ਜੰਗਲ ਜਾਣ ਦੇ ਪੱਜ ਉਹ ਬਾਹਰ ਨੂੰ ਭੱਜ ਪਿਆ। ਲੋਕਾਂ ਨੇ ਉਸ ਨੂੰ ਚੁਫ਼ੇਰੇ ਤੋਂ ਪੈਲੀ ਵਿੱਚ ਹੀ ਜਾ ਘੇਰਿਆ। ਜਥੇ ਵਾਲੇ ਸਿੰਘਾਂ ਨੇ ਸਲਾਹ ਕੀਤੀ ਕਿ "ਨਾਮਿਲਵਰਤਨੀਏ" ਹੋਣ ਕਰਕੇ ਮਹੰਤ ਨੂੰ ਕਚਹਿਰੀ ਤਾਂ ਅਸਾਂ ਲਿਜਾਣਾ ਹੀ ਨਹੀਂ ਹੈ, ਫਿਰ ਉਸ ਤੋਂ ਲੈਣਾ ਹੀ ਕੀ ਹੈ? ਜੇ ਜਨਾਨੀ ਇਸ ਕੋਲ ਹੋਈ ਵੀ ਤਾਂ ਗੁਰਦੁਆਰੇ ਵਿੱਚ ਹੀ ਹੋਵੇਗੀ। ਇਸ ਲਈ ਉਹਨੂੰ ਭੱਜ ਲੈਣ ਦਿੱਤਾ ਜਾਵੇ। ਮਹੰਤ ਦੇ ਭੱਜ ਜਾਣ ਮਗਰੋਂ ਸਾਰੇ ਗੁਰਦੁਵਾਰੇ ਵਿੱਚ ਲੱਭਿਆ ਪਰ ਜਨਾਨੀ ਨਾ ਮਿਲ ਸਕੀ, ਜਿਸ ਕਰਕੇ ਜਾਮਾਰਾਏ ਦੇ ਲੋਕਾਂ ਨੂੰ ਤਾਂ ਨਰਾਸ਼ ਹੀ ਜਾਣਾ ਪਿਆ ਪਰ ਉਹਨਾਂ ਦੇ ਸਮੇਂ ਸਿਰ ਪਹੁੰਚ ਜਾਣ ਕਾਰਨ ਜਥੇ ਵਾਲੇ ਸਿੰਘਾਂ ਦਾ ਬਚਾਅ ਹੋ ਗਿਆ। ਸਃ ਕਾਹਨ ਸਿੰਘ ਹੁਰਾਂ ਨੇ ਲਾਗਲੇ ਪਿੰਡਾਂ ਦੇ ਸਿੰਘਾਂ ਦੀ ਇੱਕ ਕਮੇਟੀ ਬਣਾ ਕੇ ਗੁਰਦੁਵਾਰੇ ਦਾ ਪ੍ਰਬੰਧ ਉਹਨਾਂ ਦੇ ਹਵਾਲੇ ਕਰ ਦਿੱਤਾ।

●

# ਗੁਰੂ ਕਾ ਬਾਗ ਦਾ ਮੋਰਚਾ

ਗੁਰੂ ਕੇ ਬਾਗ ਦਾ ਮੋਰਚਾ, ਗੁਰਦੁਵਾਰਾ ਸੁਧਾਰ ਲਹਿਰ ਦਾ ਇਕ ਐਸਾ ਮੋਰਚਾ ਹੈ ਜਿਸਨੇ ਸਦੀਆਂ ਬਾਅਦ ਇਕ ਵਾਰ ਫਿਰ ਸਾਰੇ ਖ਼ਾਲਸਾ ਪੰਥ ਦੇ ਹੱਡਾਂ ਦੀ ਮਜ਼ਬੂਤੀ ਦੀ ਅਜ਼ਮਾਇਸ਼ ਕੀਤੀ। ਇਸ ਮੋਰਚੇ ਵਿਚ ਕਿਹਾ ਜਾਂਦਾ ਹੈ ਕਿ ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ, ਹਰ ਵਕਤ ਖ਼ਾਲਸੇ ਦੇ ਅੰਗ ਸੰਗ ਹੋਣ ਦੇ ਪ੍ਰਮਾਣ ਵਜੋਂ ਅਤੇ ਜਥੇ ਵਿੱਚ ਜਾਣ ਵਾਲੇ ਸਿੰਘਾਂ ਦੀ ਹੌਸਲਾ-ਅਫ਼ਜਾਈ ਵਜੋਂ ਆਪਣਾ ਬਾਜ਼ ਭੇਜਦੇ ਰਹੇ। ਇਸ ਸਚਾਈ ਨੂੰ ਸ: ਕਾਹਨ ਸਿੰਘ ਜੀ ਆਪ ਮੰਨਦੇ ਹਨ।

ਨਨਕਾਣਾ ਸਾਹਿਬ ਦੇ ਸਾਕੇ ਤੋਂ ਪਿੱਛੋਂ ਕਈ ਮਹੰਤ ਆਪਣੇ ਆਪ ਹੀ ਗੁਰਦੁਵਾਰਾ ਪ੍ਰਬੰਧਕ ਕਮੇਟੀ ਅਧੀਨ ਆਉਣੇ ਸ਼ੁਰੂ ਹੋ ਗਏ। ਕਿਉਂ ਕਿ ਉਹਨਾਂ ਨੂੰ ਵਿਸ਼ਵਾਸ਼ ਹੋ ਚੁੱਕਿਆ ਸੀ ਕਿ ਸਿੰਘਾਂ ਨੇ ਗੁਰਦੁਵਾਰੇ ਉਹਨਾਂ ਪਾਸ ਰਹਿਣ ਨਹੀਂ ਦੇਣੇ। ਗੁਰਦੁਵਾਰਾ 'ਗੁਰੂ ਕਾ ਬਾਗ' ਦਾ ਮਹੰਤ ਸੁੰਦਰ ਦਾਸ ਸੀ। ਉਸਨੇ ਗੁਰਦੁਵਾਰਾ ਪ੍ਰਬੰਧਕ ਕਮੇਟੀ ਪਾਸ ਦਰਖ਼ਾਸਤ ਕੀਤੀ ਕਿ ਉਸਦਾ ਗੁਰਦੁਵਾਰਾ ਆਪਣੇ ਅਧੀਨ ਕਰ ਲਿਆ ਜਾਵੇ ਅਤੇ ਉਸਨੂੰ ਸਿੰਘ ਸਜਾ ਕੇ ਆਪਣੇ ਵਿਚ ਮਿਲਾ ਲਿਆ ਜਾਵੇ। ਕਮੇਟੀ ਨੇ ਬੜੀ ਖੁਸ਼ੀ ਨਾਲ ਉਸ ਨੂੰ ਅੰਮ੍ਰਿਤ ਛਕਾ ਕੇ ਉਸਦਾ ਨਾਮ ਸ: ਸਰਦੂਲ ਸਿੰਘ ਰੱਖਿਆ। ਗੁਰਦੁਵਾਰੇ ਦੀ ਹਿਫ਼ਾਜਤ ਵਾਸਤੇ ਉਸ ਨਾਲ ਕੁਝ ਸਿੰਘ ਘੱਲ ਦਿੱਤੇ। ਜਦ ਸਰਕਾਰ ਨੂੰ ਇਸ ਗੱਲ ਦਾ ਪਤਾ ਲੱਗਿਆ ਤਾਂ ਉਸ ਬਹੁਤ ਬੁਰਾ ਮਨਾਇਆ। ਇੰਜ ਤਾਂ ਸਰਕਾਰ ਨੂੰ ਸਿੰਘਾਂ ਨੂੰ ਹੱਥ ਪਾਉਣ ਦਾ ਮੌਕਾ ਹੀ ਨਹੀਂ ਸੀ ਮਿਲਣਾ। ਇਸ ਲਈ ਡੀ. ਸੀ. ਨੇ ਮਹੰਤ ਨੂੰ ਬੁਲਾ ਕੇ ਝਿੜਕਿਆ ਅਤੇ ਆਪਣੀ ਜਾਇਦਾਦ ਵਾਪਸ ਲੈਣ ਵਾਸਤੇ ਸਰਕਾਰੇ ਦਰਖ਼ਾਸਤ ਦੇਣ ਵਾਸਤੇ ਮਨਾ ਲਿਆ। ਮਹੰਤ ਨੇ ਦਰਖ਼ਾਸਤ ਦੇ ਦਿੱਤੀ ਅਤੇ ਡੀ. ਸੀ. ਨੇ ਗੁਰੂ ਕੇ ਬਾਗ ਪੁਲੀਸ ਭੇਜ ਦਿੱਤੀ। ਉੱਥੇ ਉਹਨਾਂ ਮਾਰ ਕੁਟਾਈ ਅਤੇ ਗ੍ਰਿਫ਼ਤਾਰੀਆਂ ਸ਼ੁਰੂ ਕਰ ਦਿੱਤੀਆਂ। ਰਾਹ ਖਹਿੜਿਆਂ ਵਿੱਚ ਵੀ ਕਈ ਬੰਦੇ ਮਾਰੇ ਕੁੱਟੇ। ਗੁਰਦੁਵਾਰਾ ਕਮੇਟੀ ਨੇ ਮੀਟਿੰਗ ਕੀਤੀ ਤੇ ਮਤਾ ਪਾਸ ਕੀਤਾ ਕਿ ਸੌ ਸੌ ਸਿੰਘਾਂ ਦਾ ਜਥਾ ਰੋਜ਼ਾਨਾ ਗੁਰੂ ਕੇ ਬਾਗ ਭੇਜਿਆ ਜਾਇਆ ਕਰੇ। ਜਥੇਦਾਰ ਤੇਜਾ ਸਿੰਘ ਭੁੱਚਰ ਨੇ ਪਹਿਲੇ ਦਿਨ ਦੇ ਜਥੇ ਵਿੱਚ ਆਪਣੇ ਸਿੰਘ ਭੇਜਣ ਲਈ ਸਲਾਹ ਦਿੱਤੀ ਕਿਉਂ ਕਿ ਉਸਦੇ ਸਿੰਘ ਅੰਮ੍ਰਿਤਸਰ ਦੇ ਨੇੜੇ ਨੇੜੇ ਹੀ ਰਹਿੰਦੇ ਸਨ। ਗੁ: ਕਮੇਟੀ ਨੇ ਇਜ਼ਾਜਤ ਦੇ ਦਿੱਤੀ। ਇੱਕ ਦਿਨ ਛੱਡ ਕੇ ਤੀਜੇ ਦਿਨ ਬੜਾ ਭਾਰੀ ਇਕੱਠ ਹੋ ਗਿਆ।

ਜਦੋਂ ਜਥੇ ਦੇ ਤੁਰਨ ਦਾ ਵੇਲਾ ਹੋਇਆ ਤਾਂ ਪ੍ਰਕਰਮਾ ਵਿਚ ਸਾਰੀ ਸੰਗਤ ਇਕੱਠੀ ਹੋ ਗਈ। ਕਈ ਸੈਂਕੜੇ ਸਿੰਘ ਪਹਿਲੇ ਹੀ ਜਥੇ ਵਿਚ ਜਾਣ ਵਾਸਤੇ ਤਿਆਰ ਸਨ। ਜਿਸ ਨੂੰ ਵੀ ਨਾ ਜਾਣ ਵਾਸਤੇ ਕਿਹਾ ਜਾਂਦਾ ਉਹੋ ਹੀ ਖੜ੍ਹਾ ਹੋ ਜਾਂਦਾ। ਕੁਰਬਾਨੀ ਦਾ ਜਜ਼ਬਾ ਇੰਨਾ ਮੂੰਹ ਜ਼ੋਰ ਹੋ ਚੁੱਕਿਆ ਸੀ ਕਿ ਅਗਲੇ ਜਥੇ ਤੱਕ ਉਡੀਕਣਾ ਵੀ ਸੰਭਵ ਨਹੀਂ ਸੀ ਜਾਪਦਾ। ਆਖ਼ਰ ਇਸ ਜਥੇ ਦੇ ਜਥੇਦਾਰ ਨਰੈਣ ਸਿੰਘ ਦਾ ਹੁਕਮ ਹੋਇਆ ਕਿ ਸਾਰੇ ਅਕਾਲ-ਤਖ਼ਤ ਪਹੁੰਚੋ ਅਤੇ ਪ੍ਰਣ ਦੇ ਕੇ ਚਾਲੇ ਪਾ ਦਿਉ। ਜਦੋਂ ਸ਼ਹਿਰੋਂ ਬਾਹਰ ਚਲੇ ਜਾਵਾਂਗੇ ਤਾਂ ਉੱਥੇ ਕੋਈ ਸਹੁੰ-ਨੇਮ ਪਾ ਕੇ ਸੌ ਸਿੰਘ ਰੱਖ ਲਵਾਂਗੇ। ਜਥੇਦਾਰ ਨੇ ਸਭ ਦੇ ਗਲਾਂ ਵਿਚ ਫੁੱਲਾਂ ਦੇ ਹਾਰ ਪਾਏ ਤੇ ਜਥਾ ਰਵਾਨਾ ਹੋ ਗਿਆ।

ਖਿਆਲ ਤਾਂ ਇਹ ਸੀ ਕਿ ਗੁਰੂ ਕੇ ਬਾਗ ਦੇ ਲਾਗੇ ਜਾਕੇ ਮਾਰ ਕੁਟਾਈ ਜਾਂ ਫੜੋ ਫੜਾਈ ਹੋਵੇਗੀ। ਪਰ ਸਰਕਾਰ ਨੇ ਪਹਿਲਾਂ ਹੀ ਬੰਦੋਬਸਤ ਕਰ ਰੱਖਿਆ ਸੀ। ਲਹੌਰ ਤੋਂ

ਢਾਈ ਕੁ ਸੌ ਆਦਮੀ ਰਸਾਲੇ ਦਾ ਮੰਗਵਾ ਰੱਖਿਆ ਸੀ। ਪੰਜ ਕੁ ਸੌ ਡਾਂਗਾਂ ਵਾਲੀ ਪੁਲੀਸ ਉਹਨਾਂ ਕੋਲ ਪਹਿਲਾਂ ਤੋਂ ਹੀ ਸੀ। ਜਦ ਜਥਾ ਕਚਹਿਰੀ ਦੇ ਬਰਾਬਰ ਪਹੁੰਚਿਆ ਤਾਂ ਪੁਲੀਸ ਦੀਆਂ ਧਾੜਾਂ ਦੀਆਂ ਧਾੜਾਂ ਉਹਨਾਂ ਤੋਂ ਅੱਗੇ ਭੱਜੀਆਂ ਜਾਂਦੀਆਂ ਸਨ। ਗੁੰਮਟਾਲੇ ਦੇ ਪੁਲ ਦੇ ਅੰਦਰ ਅੰਦਰ ਜਿੰਨੀ ਸੜਕ ਦੇ ਪਾਸੇ 'ਤੇ ਥਾਂ ਸੀ, ਉੱਥੇ ਪੁਲੀਸ ਲਾਈਨਾਂ ਬਣਾ ਕੇ ਖਲ੍ਹਾਰ ਦਿੱਤੀ ਸੀ। ਉਹਨਾਂ ਦੇ ਪਿੱਛੇ ਰਸਾਲੇ ਵਾਲੇ ਸੰਗੀਨਾਂ ਲੈ ਕੇ ਖੜੇ ਸਨ। ਜਦੋਂ ਜਥਾ ਲਾਗੇ ਗਿਆ ਤਾਂ ਬੀ. ਟੀ. (ਪੁਲਸ ਕਪਤਾਨ) ਅੱਗੇ ਹੋ ਕੇ, ਉਂਗਲ ਖੜੀ ਕਰਕੇ ਕਹਿਣ ਲੱਗਿਆ।

"ਖੜੇ ਹੋ ਜਾਉ।"

ਜਥੇਦਾਰ ਨੇ ਕਿਹਾ-"ਭਾਈ ਇਸ ਦੀ ਵੀ ਗੱਲ ਸੁਣ ਹੀ ਲਉ।"

ਬੀ. ਟੀ. ਅੰਗਰੇਜ਼ਾਂ ਵਾਲੀ ਹਿੰਦੁਸਤਾਨੀ ਬੋਲੀ ਵਿਚ ਬੋਲਿਆ-"ਡੇਖੋ, ਹਮ ਟੁਮ ਕੋ ਬਟਾਟਾ ਹੈ। ਜਠੇਬੰਡੀ ਕੋ ਟੋੜ ਕਰ ਅਲਹਿਡਾ ਅਡਹਿਡਾ ਆਪਣੇ ਆਪਣੇ ਘਰੋਂ ਕੋ ਵਾਪਸ ਚਲੇ ਜਾਉ ਵਰਨਾ ਮੈਂ ਆਪਣੀ ਟਾਕਟ ਸ਼ੇ ਜਠੇਬੰਡੀ ਕੋ ਟੋੜ ਡੂੰਗਾ।"

ਸਿੰਘਾਂ ਕਿਹਾ ਕਿ ਸਾਡੀਆਂ ਰੂਹਾਂ ਤਾਂ ਪਹੁੰਚ ਗਈਆਂ ਨੇ ਗੁਰੂ ਕੇ ਬਾਗ। ਬੁੱਤ ਇੱਥੇ ਹੈਨ, ਇਹਨਾਂ ਨਾਲ ਤੂੰ ਜਿਸ ਤਰ੍ਹਾਂ ਮਰਜ਼ੀ ਹੋਊ ਕਰ ਲਵੀਂ। ਉਨੇ ਚਿਰ ਨੂੰ ਜਥੇਦਾਰ ਅੱਗੇ ਆਇਆ। ਸ: ਕਾਹਨ ਸਿੰਘ ਨੇ ਪੁੱਛਿਆ ਕਿ ਹੁਣ ਕੀ ਹੁਕਮ ਹੈ? ਅਸਲ ਵਿਚ ਛੇਤੀ ਛੇਤੀ ਕਾਰਨ ਉਹਨਾਂ ਕੋਲ ਕੋਈ ਮਿਥਿਆ ਹੋਇਆ ਪ੍ਰੋਗਰਾਮ ਨਹੀਂ ਸੀ। ਜਥੇਦਾਰ ਇੱਕ ਉੱਚੀ ਟਿੱਬੀ ਜਿਹੀ 'ਤੇ ਖਲੋ ਗਿਆ ਅਤੇ ਬੋਲਿਆ-"ਸੁਣੋ ਬਈ ਖ਼ਾਲਸਾ ਜੀ, ਸਿਰ ਜ਼ਰਾ ਕੁ ਨੀਵੇਂ ਕਰ ਲਵੋ, ਮੱਥੇ ਦੀ ਸੱਟ ਬੁਰੀ ਹੁੰਦੀ ਹੈ। ਹੱਥ ਦੇ ਲਵੋ ਕੱਛਾਂ ਵਿੱਚ, ਤਾਂ ਕਿ ਕੋਈ ਇਹ ਨਾ ਆਖੇ ਕਿ ਸਿੰਘਾਂ ਨੇ ਤਸ਼ੱਦਦ ਕੀਤਾ ਹੈ। ਇੱਥੋਂ ਅੱਗੇ ਨਿਕਲਣ ਦੀ ਕੋਈ ਵਾਹ ਤਾਂ ਜਾਪਦੀ ਨਹੀਂ ਪਰ ਜੇ ਕਿਸੇ ਤੋਂ ਨਿਕਲਿਆ ਗਿਆ ਤਾਂ ਉਹ ਨਿਕਲ ਵੀ ਜਾਇਆ ਜੇ। ਵਾਹਿਗੁਰੂ ਆਖ ਕੇ ਕਰ ਦਿਉ ਮਾਰਚ।"

ਸਿੰਘਾਂ ਨੇ ਕੱਛਾਂ ਵਿੱਚ ਹੱਥ ਦੇ ਲਏ ਤੇ ਮਾਰਚ ਸ਼ੁਰੂ ਕਰ ਦਿੱਤੀ। ਬੀ. ਟੀ. ਨੇ "ਏਕ, ਦੋ, ਤੀਨ" ਕਰ ਦਿੱਤਾ। ਡਾਂਗਾਂ ਵੱਜਦੀਆਂ ਗਈਆਂ, ਸਿੰਘ ਮਾਰਚ ਕਰਦੇ ਗਏ। ਸੱਟਾਂ ਵੱਜਦੀਆਂ ਸਿੰਘ ਡਿੱਗਦੇ, ਫਿਰ ਉੱਠਦੇ, ਡਾਂਗਾਂ ਦਾ ਮੀਂਹ ਫਿਰ ਵਰ੍ਹਦਾ ਪਰ ਸ਼ੇਰ ਹੌਸਲਾ ਨਾ ਹਾਰਦੇ। ਨਾ ਮਾਰਨ ਵਾਲਿਆਂ ਨੂੰ ਤਰਸ ਆਉਂਦਾ, ਨਾ ਸਿੰਘਾਂ ਦੇ ਹੌਸਲੇ ਢਿੱਲੇ ਪੈਂਦੇ। ਇੱਕ ਇੱਕ ਸਿੰਘ ਦੇ ਦੁਆਲੇ ਕਈ ਕਈ ਪੁਲਸੀਏ ਅਤੇ ਉਹ ਫਿਰ ਵੀ ਜਦ ਹਿੰਮਤ ਪਵੇ ਉਹ ਅਗੇ ਹੀ ਵਧਦੇ। ਇਹ ਸਬਰ ਤੇ ਜਬਰ ਦਾ ਮੁਕਾਬਲਾ ਸੀ ਜਿਸ ਦੀ ਮਿਸਾਲ ਦੁਨੀਆਂ ਦੇ ਇਤਿਹਾਸ ਵਿਚ ਹੋਰ ਕਿਧਰੇ ਨਹੀਂ ਮਿਲਦੀ। ਇਹੋ ਜਿਹੇ ਘੋਰ ਜ਼ੁਲਮ ਦੇ ਘੇਰੇ ਵਿੱਚੋਂ ਵੀ ਤੀਹ ਕੁ ਆਦਮੀ ਮਾਰਾਂ ਝੱਲਦੇ, ਸੱਟਾਂ ਸਹਿੰਦੇ ਤੇ ਅੱਗੇ ਹੀ ਅੱਗੇ ਵਧਦੇ ਪੁਲਸ ਦਾ ਘੇਰਾ ਤੋੜਕੇ ਗੁਰੂ ਕੇ ਬਾਗ ਵਲ ਨਿਕਲ ਹੀ ਗਏ। ਸ: ਕਾਹਨ ਸਿੰਘ ਉਹਨਾਂ ਦੇ ਮੋਹਰੀਆਂ ਵਿੱਚੋਂ ਇਕ ਸਨ। ਇਸ ਵੇਲੇ ਉਹਨਾਂ ਇੰਜ ਨਿਕਲ ਜਾਣਾ ਗੁਰੂ-ਮਹਾਰਾਜ ਦਾ ਚਮਤਕਾਰ ਹੀ ਸੀ।

ਸ: ਕਾਹਨ ਸਿੰਘ ਅਤੇ ਉਹਨਾਂ ਦੇ ਬਲਦੀ ਅੱਗ ਚੋਂ ਨਿਕਲ ਆਉਣ ਵਾਲੇ ਸਾਥੀਆਂ ਨੇ ਸੜਕੋਂ ਪਾਸੇ ਇੱਕ ਉੱਚੀ ਥਾਂ 'ਤੇ ਖੜੇ ਹੋ ਕੇ ਜਦ ਜਥੇ ਦੀ ਹਾਲਤ ਵੇਖੀ ਤਾਂ ਉਹ ਵੇਖੀ ਨਹੀਂ ਸੀ ਜਾਂਦੀ। ਅਤਿਅੰਤ ਮਾਰ-ਕੁਟਾਈ ਹੋ ਰਹੀ ਸੀ। ਤਕਰੀਬਨ ਸਾਰੇ ਹੀ ਸਿੰਘ ਡਿੱਗੇ ਪਏ ਸਨ ਤੇ ਉਹਨਾਂ ਨੂੰ ਛੱਲੀਆਂ ਵਾਂਗ ਕੁੱਟਿਆ ਜਾ ਰਿਹਾ ਸੀ। ਘੋੜ ਸਵਾਰ ਡਿੱਗੇ ਹੋਇਆ ਦੇ ਉੱਤੋਂ ਦੀ ਘੋੜੇ ਭਜਾਈ ਫਿਰਦੇ ਸਨ। ਇਹ ਨਜ਼ਾਰਾ ਵੇਖ ਕੇ ਅੰਗ੍ਰੇਜ਼ ਪਾਦਰੀਆਂ ਨੇ ਲੰਡਨ ਜਾ ਕੇ ਰੀਪੋਰਟ ਕੀਤੀ ਸੀ ਕਿ ਉਹਨਾਂ ਨੇ ਹਿੰਦੋਸਤਾਨ

ਵਿਚ 'ਈਸਾ' ਨੂੰ ਕੁੱਟ ਪੈਂਦੀ ਵੇਖੀ ਸੀ।

ਇਨੇ ਨੂੰ ਇੱਕ ਹੋਰ ਸਿੰਘ ਸਃ ਤੇਜਾ ਸਿੰਘ ਪੁਲੀਸ ਦਾ ਘੇਰਾ ਤੋੜ ਕੇ ਸਃ ਕਾਹਨ ਸਿੰਘ ਹੁਰਾਂ ਵੱਲ ਭੱਜਿਆ ਆਇਆ। ਉਸ ਦੀ ਪੁਰਪੜੀ ਵਿੱਚ ਡਾਂਗ ਵੱਜੀ ਸੀ ਅਤੇ ਲਹੂ ਇੰਨਾਂ ਵੱਗ ਰਿਹਾ ਸੀ ਕਿ ਜਿੱਥੇ ਵੀ ਉਹ ਪੈਰ ਰੱਖਦਾ ਉੱਥੇ ਹੀ ਲਹੂ ਦੀ ਛਪੜੀ ਲੱਗ ਜਾਂਦੀ ਸੀ। ਉਹ ਧਮਕੜੇ ਭੱਜਿਆ ਆ ਰਿਹਾ ਸੀ। ਉਸ ਸਃ ਕਾਹਨ ਸਿੰਘ ਨੂੰ ਪੁੱਛਿਆ–"ਗੁਰੂ ਕੇ ਸਿੱਖੋ, ਕੀ ਵੇਖਦੇ ਜੇ?"

ਸਃ ਕਾਹਨ ਸਿੰਘ ਨੇ ਕਿਹਾ–"ਵੇਖਦੇ ਹਾਂ ਕਿ ਜਿਹੜੇ ਸਿੰਘ ਅਗਾਂਹ ਭੱਜਣ ਪੈਂਦੇ ਨੇ ਉਹਨਾਂ ਨੂੰ ਜ਼ਿਆਦੀ ਮਾਰ ਪੈਂਦੀ ਹੈ। ਸੋਚਦੇ ਹਾਂ ਕਿ ਅਸੀਂ ਵੀ ਵਾਪਸ ਜਥੇ ਵਿਚ ਮੁੜ ਜਾਈਏ ਤਾਂ ਉਹ ਵੀ ਅਗਾਹ ਭੱਜਣ ਦੀ ਕਾਹਲ ਨਹੀਂ ਕਰਨਗੇ ਉਹਨਾਂ ਨੂੰ ਮਾਰ ਘੱਟ ਪਊਗੀ।"

"ਆਹੋ, ਤੇਰੀਆਂ ਸਦਾ ਏਹੋ ਜਿਹੀਆਂ ਹੀ ਰਹੀਆਂ। ਚੱਲੋ ਹੁਣ ਗੁਰੂ ਕੇ ਬਾਗ ਅਪੜੀਏ।" ਆਖ ਕੇ ਸਰਦਾਰ ਤੇਜਾ ਸਿੰਘ ਅੱਗੇ ਲਗ ਕੇ ਭੱਜ ਉੱਠਿਆ। ਉਸਦੇ ਪਿੱਛੇ ਬਾਕੀ ਸਿੰਘ ਵੀ ਚੱਲ ਪਏ। ਰਾਹ ਵਿੱਚ ਹੀ ਉਹਨਾਂ ਨੂੰ ਰਾਤ ਪੈ ਗਈ। ਉਸ਼ੇਰਸ਼ਾਰ ਉੱਠੇ ਤਾਂ ਉਤਨੇ ਚਿਰ ਤੱਕ ਹਾਲੀ ਹਲ ਲੈ ਕੇ ਖੇਤਾਂ ਵਿੱਚ ਆ ਚੁੱਕੇ ਸਨ। ਇੱਕ ਹਾਲੀ ਨੂੰ ਸਿੰਘਾਂ ਨੇ ਨਾਲ ਲੈ ਲਿਆ। ਉਸ ਹਾਲੀ ਨੂੰ ਪੁਲੀਸ ਦੀਆਂ ਚੌਂਕੀਆਂ ਦਾ ਪਤਾ ਸੀ, ਉਹ ਚੌਂਕੀਆਂ ਤੋਂ ਪਾਸੇ ਪਾਸੇ ਸਿੰਘਾਂ ਨੂੰ ਗੁਰਦੁਵਾਰੇ ਲੈ ਗਿਆ। ਗੁਰੂ ਕੇ ਬਾਗ ਪਹੁੰਚ ਕੇ ਸਃ ਕਾਹਨ ਸਿੰਘ ਨੇ ਉੱਥੇ ਪਹੁੰਚਣ ਵਾਲਿਆਂ ਦੀ ਲਿਸਟ ਤਿਆਰ ਕੀਤੀ ਅਤੇ ਗਿਆਨੀ ਨਾਹਰ ਸਿੰਘ, 'ਪ੍ਰਬੰਧਕ ਗੁਰਦੁਵਾਰਾ ਗੁਰੂ ਕਾ ਬਾਗ' ਨੂੰ ਸੁਨੇਹਾ ਭੇਜਿਆ ਕਿ ਇਹ ਵੀ ਚਿੱਠੀਆਂ ਦੇ ਨਾਲ ਹੀ ਅੰਮ੍ਰਿਤਸਰ ਪਹੁੰਚਾ ਦੇਣ। ਉਸ ਕੋਲ ਪਹਿਲਾਂ ਹੀ ਦੋ ਤਿੰਨ ਦਿਨ ਦੀ ਡਾਕ ਪਈ ਸੀ। ਡਾਕ ਭੇਜਣ ਦਾ ਕੋਈ ਪ੍ਰਬੰਧ ਨਹੀਂ ਸੀ ਹੋ ਰਿਹਾ। ਉਸ ਨੇ ਉਹ ਡਾਕ ਵੀ ਨਾਲ ਦੇ ਕੇ ਸੁਨੇਹਾ ਘੱਲ ਦਿੱਤਾ ਕਿ ਜੇ ਹੋ ਸਕੇ ਤਾਂ ਇਹ ਡਾਕ ਵੀ ਤੁਸੀਂ ਹੀ ਅੰਮ੍ਰਿਤਸਰ ਪਹੁੰਚਾ ਦੇਵੋ। ਸਃ ਕਾਹਨ ਸਿੰਘ ਨੇ ਆਪਣੇ ਸਾਥੀਆਂ ਪਾਸੋਂ ਪੁੱਛਿਆ ਕਿ–"ਕਿਉਂ ਭਈ ਸਿੰਘੋ, ਕੋਈ ਚਾਰਾ ਮਾਰੋਗੇ?" ਤਾਂ ਸਃ ਅਰਜਨ ਸਿੰਘ ਥਾਂਦਾ ਜਾਣ ਵਾਸਤੇ ਤਿਆਰ ਹੋ ਪਿਆ ਨਾਲ ਹੀ ਸਃ ਉਤਮ ਸਿੰਘ ਪੰਜਵੜ ਵੀ ਤੁਰ ਪਿਆ। ਦੋਵੇਂ ਜਣੇ ਗੱਠਾਂ ਲੈ ਕੇ ਹਨੇਰੇ ਜਿਹੇ ਅੰਮ੍ਰਿਤਸਰ ਵੱਲ ਰਵਾਨਾ ਹੋ ਪਏ।

ਜਦੋਂ ਉਹ ਸਹਿੰਸਰੇ ਦੇ ਬਰਾਬਰ ਗਏ ਤਾਂ ਅੱਗੋਂ ਬੀ. ਟੀ. ਘੋੜੇ ਨੂੰ ਦੁੜਕੀਏ ਭਜਾਈ ਆਉਂਦਾ ਮਿਲ ਪਿਆ। ਉਸਦਾ ਸੁਭਾਅ ਇੱਕ ਦਮ ਅਗਲੇ ਦੇ ਗਲ ਪੈ ਜਾਣ ਵਾਲਾ ਸੀ ਤੇ ਹੈ ਵੀ ਉਹ ਚੰਗਾ ਜੁਵਾਨ ਸੀ। ਸਿੰਘਾਂ ਨੇ ਸਲਾਹ ਕਰ ਲਈ ਕਿ ਉਸ ਨਾਲ ਤਕੜੇ ਹੋ ਕੇ ਨਜਿੱਠਿਆ ਜਾਵੇ। ਇੱਕ ਕੋਲ ਤਾਂ ਡਾਂਗ ਹੈ ਹੀ ਸੀ ਦੂਜੇ ਨੇ ਕਿੱਕਰ ਦਾ ਇੱਕ ਛਾਪਾ ਫੜ ਲਿਆ। ਜਿਸ ਵੇਲੇ ਘੋੜਾ ਲਾਗੇ ਆਇਆ ਤਾਂ ਦੋਹਾਂ ਨੇ ਆਪਣੇ ਭਰਵੇ ਵਾਰ ਕਰ ਦਿੱਤੇ ਕੰਡੇ ਅਤੇ ਸੱਟ ਖਾ ਕੇ ਘੋੜਾ ਭੁੜਕ ਕੇ ਔਹ ਗਿਆ। ਉਤਨੇ ਚਿਰ ਨੂੰ ਸਿੰਘ ਭੱਜ ਕੇ ਨਾਲ ਲੱਗਦੀ ਨਹਿਰ ਵਿੱਚ ਜਾ ਵੜੇ। ਮਗਰੇ ਹੀ ਬੀ. ਟੀ. ਪਹੁੰਚ ਗਿਆ। ਉਹ ਕੰਢੇ 'ਤੇ ਖੜਾ ਗਾਲ੍ਹਾਂ ਕੱਢੀ ਜਾਏ ਤੇ ਸਿੰਘ ਵੀ ਉਸੇ ਤਰ੍ਹਾਂ ਉੱਤਰ ਦਿੰਦੇ ਨਹਿਰ ਪਾਰ ਕਰ ਗਏ। ਅੱਗੇ ਰਾਤ ਦੇ ਹਨੇਰੇ ਵਿਚ ਜਾਂਦਿਆਂ ਸਃ ਅਰਜਨ ਸਿੰਘ ਨੂੰ ਕੱਲਰ ਵਿੱਚੋਂ ਸੱਪ ਲੜ ਗਿਆ। ਸਃ ਉਤਮ ਸਿੰਘ ਉਸਨੂੰ ਹੌਸਲੇ ਨਾਲ ਤੋਰੀ ਗਿਆ। ਨੇੜੇ ਹੀ ਇਕ ਪਿੰਡ ਸੀ। ਪਿੰਡ ਵਾਲਿਆਂ ਨੇ ਦੁੱਧ ਘਿਉ ਪਿਲਾਇਆ ਤੇ ਘੋੜੀ ਤੇ ਅੰਮ੍ਰਿਤਸਰ ਹਸਪਤਾਲ ਪਹੁੰਚਾ ਦਿੱਤਾ।

ਇੰਜ ਗੁਰੂ ਕੇ ਬਾਗ ਦਾ ਪਹਿਲਾ ਜਥਾ 200 ਤੋਂ ਵੱਧ ਸਿੰਘਾਂ ਦਾ ਗਿਆ।

ਫਿਰ ਸੋਲਾਂ ਜਥੇ ਸੌ ਸੌ ਤੋਂ ਵੱਧ ਸਿੰਘਾਂ ਦੇ ਗਏ। ਇਹਨਾਂ ਸਤਾਰਾਂ ਜਥਿਆਂ ਨੇ ਅਕਹਿ ਤੇ ਅਸਹਿ ਜ਼ੁਲਮ ਤੇ ਮਾਰ ਕੁਟ ਝੱਲੀ। ਇਸ ਤੋਂ ਪਿੱਛੋਂ ਵੀ ਕਈ ਮਹੀਨੇ ਹੀ ਜਥੇ ਜਾਂਦੇ ਰਹੇ ਇਹਨਾਂ ਨੂੰ ਗ੍ਰਿਫ਼ਤਾਰ ਕਰ ਲਿਆ ਜਾਂਦਾ ਰਿਹਾ। ਇਹਨਾਂ ਵਿੱਚ ਇੱਕ ਫ਼ੌਜੀ ਪੈਨਸ਼ਨੀਆਂ ਦਾ ਜਥਾ ਵੀ ਸੀ, ਜਿਸ ਨੂੰ ਚਾਹ ਪਾਣੀ ਛਕਾਉਣ ਵਾਸਤੇ ਪੰਜਾ ਸਾਹਿਬ ਦੀ ਰੇਲ ਦੀ ਪਟੜੀ 'ਤੇ ਸ਼ਹੀਦਾਂ ਨੇ ਖ਼ੂਨ ਡੋਲ ਕੇ ਗੱਡੀ ਨੂੰ ਬਰੇਕਾਂ ਲਾਈਆਂ ਸਨ। ਹੁੰਦੇ ਹੁੰਦੇ ਅੰਗਰੇਜ਼ਾਂ ਦੀਆਂ ਜਿਹਲਾਂ ਸਿੰਘਾਂ ਨਾਲ ਭਰ ਗਈਆਂ। ਕਾਂਗਰਸ ਅਤੇ ਮੁਸਲਿਮ ਲੀਗ ਨੇ ਵੀ ਪੰਥ ਦੇ ਹੱਕ ਵਿਚ ਬਿਆਨ ਦਿੱਤੇ ਤੇ ਹਮਦਰਦੀ ਜਤਾਈ। ਯੂਰਪ ਦੇ ਪਾਦਰੀਆਂ ਨੇ ਵੀ ਯੂਰਪ ਵਿਚ ਸਿੰਘਾਂ ਦੇ ਹੱਕ ਵਿਚ ਰੌਲਾ ਪਾਇਆ। ਅੰਤ ਸਰਕਾਰੀ ਮਸ਼ੀਨਰੀ ਜਬਰ ਨਾਲ ਸਿੰਘਾਂ ਨੂੰ ਦਬਾ ਦੇਣ ਵਿੱਚ ਬੁਰੀ ਤਰ੍ਹਾਂ ਅਸਫਲ ਹੋਈ। ਸਿਰਫ ਆਪਣੀ ਹਉਮੈਂ ਨੂੰ ਕਾਇਮ ਰੱਖਣ ਵਾਸਤੇ ਮਹੰਤ ਦੀ ਜ਼ਮੀਨ ਕੀਮਤ ਦਵਾ ਕੇ ਇੱਕ ਸੇਠ ਕੋਲ ਵੇਚ ਦਿੱਤੀ ਗਈ ਅਤੇ ਸੇਠ ਪਾਸੋਂ ਖ਼ਾਲਸੇ ਨੂੰ ਦਾਨ ਦੇ ਰੂਪ ਵਿਚ ਦਵਾ ਦਿੱਤੀ ਗਈ। ਭਾਵ ਕਿ ਨੱਕ ਨੂੰ ਹੱਥ ਤਾਂ ਲਾਇਆ ਪਰ ਪਿਛਲੇ ਪਾਸੇ ਦੀ। ਇਸ ਮਗਰੋਂ ਸਰਕਾਰ ਕੈਂਪ ਪੁੱਟ ਕੇ ਲੈ ਗਈ ਤੇ ਰਾਜ ਖ਼ਾਲਸੇ ਦਾ ਹੋ ਗਿਆ।

## ਗੁਰੂ ਕੇ ਬਾਜ ਦੇ ਦਰਸ਼ਨ

ਸः ਕਾਹਨ ਸਿੰਘ ਜੀ ਦੇ ਕਥਨ ਅਨੁਸਾਰ, ਉਹਨਾਂ ਨੂੰ ਅਤੇ ਬਾਬਾ ਕਿਹਰ ਸਿੰਘ ਭੁੱਚਰ ਨੂੰ ਗੁਰੂ ਕੇ ਬਾਗ ਵਾਲੇ ਸਿੰਘਾਂ ਦੀਆਂ ਲਿਸਟਾਂ ਬਨਾਉਣ ਵਾਸਤੇ ਫਿਰ ਉੱਥੇ ਭੇਜਿਆ ਗਿਆ। ਜਦੋਂ ਉਹ ਛੀਨਿਆਂ ਵਾਲੇ ਪੁਲ 'ਤੇ ਪਹੁੰਚੇ ਤਾਂ ਗੁਰੂ ਕੇ ਬਾਗ ਜਾਣ ਵਾਲਾ ਜਥਾ ਰੋਟੀ ਪਾਣੀ ਖਾ ਕੇ ਉੱਥੇ ਖੜ੍ਹਾ ਸੀ। ਇਉਂ ਜਾਪਦਾ ਸੀ ਜਿਵੇਂ ਉਹਨਾਂ ਨੂੰ ਕਿਸੇ ਦੀ ਉਡੀਕ ਹੋਵੇ। ਸः ਕਾਹਨ ਸਿੰਘ ਹੁਰੀਂ ਵੀ ਉਹਨਾਂ ਕੋਲ ਚਲੇ ਗਏ। ਅੱਗੇ ਇੱਕ ਟਾਂਗਾ ਤਿਆਰ ਖੜ੍ਹਾ ਸੀ, ਉਸ ਦੇ ਵਿੱਚ ਸਿੰਘਾਂ ਦੇ ਨਾਲ ਦੀਆਂ ਹੀ ਦੋ ਬੀਬੀਆਂ ਬੈਠੀਆਂ ਸਨ। ਉਹਨਾਂ ਵਿੱਚੋਂ ਇੱਕ ਨੇ ਆਵਾਜ਼ ਮਾਰੀ ਕਿ–"ਆਉ ਭਾਊ ਛੇਤੀ ਬੈਠੋ, ਚਲੀਏ।" ਸः ਕਾਹਨ ਸਿੰਘ ਹੁਰੀਂ ਟਾਂਗੇ 'ਤੇ ਬੈਠ ਗਏ ਤੇ ਪੁੱਛਿਆ ਕਿ ਜਥਾ ਤੁਰਦਾ ਕਿਉਂ ਨਹੀਂ? ਤਾਂ ਉਹ ਬੀਬੀ ਕਹਿਣ ਲੱਗੀ ਕਿ ਜਦੋਂ ਗੁਰੂ ਜੀ ਦਾ ਬਾਜ ਆਵੇਗਾ, ਉਦੋਂ ਜਥਾ ਤੁਰੇਗਾ। ਸः ਕਾਹਨ ਸਿੰਘ ਨੇ ਮਖੌਲ ਨਾਲ ਕਿਹਾ–"ਐਵੇਂ ਡਰਦੇ ਸਿਰ ਵਲਾਉਂਦੇ ਫਿਰਦੇ ਨੇ। ਬਾਜ ਨੇ ਤਾਂ ਕੀ ਆਉਣਾ ਹੈ, ਐਵੇਂ ਤੁਰਨ ਦੇ ਮਾਰੇ ਵੇਲਾ ਲੰਘਾ ਰਹੇ ਨੇ।" ਉਨੇ ਚਿਰ ਨੂੰ ਤਾਹੀਉਂ ਖ਼ਬਰੇ ਕਿ ਬਾਜ ਟਾਂਗੇ ਦੇ ਸਾਹਮਣੇ ਆ ਖਲੋਤਾ। ਜਥੇ ਨੇ ਜੈਕਾਰੇ ਛੱਡੇ । ਉਹ ਖੰਭ ਖਿਲਾਰੇ ਅਤੇ ਇੱਕੋ ਥਾਂ ਖਲੋ ਰਹੇ। ਫਿਰ ਦੂਰ ਦੀ ਤਾਰੀ ਲਾ ਜਾਵੇ ਅਤੇ ਆ ਕੇ ਫਿਰ ਖੰਭ ਹਿਲਾਉਂਦਾ ਇਕੋ ਥਾਂ ਖੜ੍ਹਾ ਰਹੇ। ਸः ਕਾਹਨ ਸਿੰਘ ਨੇ ਪੁੱਛਿਆ– "ਇਹ ਹੁਣ ਜਾਂਦਾ ਕਿਉਂ ਨਹੀਂ?"

"ਤੇਰੀ ਧੌਣ ਭੰਨਦਾ ਈ। ਤੂੰ ਜੋ ਮੰਨਦਾ ਨਹੀਂ ਸੈਂ।" ਬੀਬੀ ਨੇ ਹਸਦਿਆਂ ਆਖਿਆ। ਦੋ ਚਾਰ ਤਾਰੀਆਂ ਲਾ ਕੇ ਬਾਜ ਅਲੋਪ ਹੋ ਗਿਆ। ਸਿੰਘਾਂ ਨੇ ਜੈਕਾਰੇ ਛੱਡੇ ਅਤੇ ਜਥਾ ਆਪਣੇ ਰਾਹੇ ਰਵਾਨਾ ਹੋ ਗਿਆ। ਇੰਜ ਕਹਿੰਦੇ ਹਨ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਬਾਜ ਹਰ ਰੋਜ਼ ਜਥੇ ਨੂੰ ਦਰਸ਼ਣ ਦੇ ਕੇ ਉਹਨਾਂ ਵਿਚ ਉਤਸ਼ਾਹ ਭਰਿਆ ਕਰਦਾ ਸੀ ਅਤੇ ਸਿੰਘ ਸਤਿਗੁਰ ਨੂੰ ਆਪਣੇ ਅੰਗ ਸੰਗ ਸਮਝਦੇ ਹੋਏ ਔਖੇ ਤੋਂ ਔਖੇ ਤਸੀਹੇ ਸਹਿ ਕੇ ਵੀ ਖਿੜੇ ਮੱਥੇ ਅਗੇ ਵਧਦੇ ਜਾਂਦੇ ਸਨ।

•

## 'ਬਬਰ ਸ਼ੇਰ' ਅਖਬਾਰ ਕੱਢਣਾ

ਸੰਨ 1922 ਦੀਆਂ ਗਰਮੀਆਂ ਵਿੱਚ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਦੀ ਕਾਰ ਸੇਵਾ ਸ਼ੁਰੂ ਹੋਣੀ ਸੀ। ਗੁਰਦੁਵਾਰਾ ਕਮੇਟੀ ਕੋਲ ਅਥਾਹ ਧਨ ਇਕੱਠਾ ਹੋ ਚੁੱਕਿਆ ਸੀ। ਉਹਨਾਂ ਨੇ ਇੱਕ ਹੋਰ ਸ਼ੋਸ਼ਾ ਛੱਡ ਦਿੱਤਾ ਕਿ ਕਾਰ ਸੇਵਾ ਦਾ ਉਦਘਾਟਨ ਸੋਨੇ ਦੀਆਂ ਕਹੀਆਂ ਅਤੇ ਚਾਂਦੀ ਦਿਆਂ ਬਾਲਟਿਆਂ ਨਾਲ ਕੀਤਾ ਜਾਵੇ। ਇਸ ਗੱਲ ਦਾ ਪ੍ਰਚਾਰ ਕਰਕੇ ਉਹਨਾਂ ਨੇ ਭੋਲੀਆਂ ਭਾਲੀਆਂ ਸੰਗਤਾਂ ਕੋਲੋਂ ਅਣ-ਤੋਲਵਾਂ ਮਣਾਂ-ਮੂੰਹੀਂ ਸੋਨਾ ਇਕੱਠਾ ਕਰ ਲਿਆ। ਜਨਤਾ ਦੇ ਕੁਰਬਾਨੀ ਦੇ ਜਜ਼ਬੇ ਨੂੰ ਵਰਤਣ ਦਾ ਇਹ ਗ਼ਲਤ ਤਰੀਕਾ ਸੀ। ਉਂਜ ਵੀ ਗੁਰਮਤ ਵਿੱਚ ਸੋਨੇ ਚਾਂਦੀ ਦੇ ਹਥਿਆਰਾਂ ਨੂੰ ਕੋਈ ਥਾਂ ਨਹੀਂ। ਗੁਰਮਤ ਨੇ ਹਮੇਸ਼ਾਂ ਹੀ ਸਰਬ-ਲੋਹ ਨੂੰ ਉਤਮ ਕਰਾਰ ਦਿੱਤਾ ਹੈ। ਸੇਵਾ ਦਾ ਕੰਮ ਨਿਭਦਾ ਵੀ ਲੋਹੇ ਵਰਗੀ ਸਖ਼ਤ ਧਾਤ ਪਾਸੋਂ ਹੀ ਹੈ। ਸੋਨਾ ਤਾਂ ਸਜਾਵਟ ਅਤੇ ਐਸ਼ ਦਾ ਪ੍ਰਤੀਕ ਹੈ। ਇਸ ਲਈ ਅਕਾਲੀ ਦਲ ਨੇ ਆਪਣੀ ਮੀਟਿੰਗ ਵਿਚ ਗੁਰਦੁਵਾਰਾ ਪ੍ਰਬੰਧਕ ਕਮੇਟੀ ਨੂੰ ਇਸ ਮਨਮਤ ਤੋਂ ਵਰਜਣ ਦਾ ਮਤਾ ਪਾਸ ਕੀਤਾ। ਪਰ ਰਾਤੋ-ਰਾਤ ਹੀ ਗੁਰਦੁਵਾਰਾ ਪ੍ਰਬੰਧਕ ਕਮੇਟੀ ਨੇ ਅਕਾਲੀ ਦਲ ਦੇ ਮੈਂਬਰਾਂ ਨੂੰ ਪਲੋਸ-ਪਲਾਸ ਕੇ ਮਨਾ ਲਿਆ। ਫਿਰ ਗੜਗੱਜ ਅਕਾਲੀ ਦੀਵਾਨ ਦੇ ਮੈਂਬਰਾਂ ਵੱਲ ਵੀ ਆਦਮੀ ਭੇਜੇ। ਪਰ ਉਹ ਨਾ ਮੰਨੇ। ਇਸ 'ਤੇ ਮਾਸਟਰ ਤਾਰਾ ਸਿੰਘ ਨੇ 'ਅਕਾਲੀ ਅਖ਼ਬਾਰ' ਵਿਚ ਉਹਨਾਂ ਦੇ ਖਿਲਾਫ਼ ਜ਼ਹਿਰ ਉਗਲਣਾ ਸ਼ੁਰੂ ਕਰ ਦਿੱਤਾ। ਉਹਨਾਂ ਨੂੰ ਪੰਥ ਦੇ ਗੱਦਾਰ ਕਰਾਰ ਦਿੱਤਾ ਗਿਆ। ਜਦ ਸ: ਕਾਹਨ ਸਿੰਘ ਅਤੇ ਉਹਨਾਂ ਦੇ ਸਾਥੀ ਗੁਰੂ ਕੇ ਬਾਗ ਅਤੇ ਨਨਕਾਣਾ ਸਾਹਿਬ ਅਕਹਿ ਕਸ਼ਟ ਭੋਗ ਰਹੇ ਸਨ ਉਦੋਂ ਮਾਸਟਰ ਜੀ ਆਰਾਮ ਨਾਲ ਅਖ਼ਬਾਰ ਦੀ ਅਡੀਟਰੀ ਕਰ ਰਹੇ ਸਨ। ਜਿਹੜੇ ਕੁਝ ਮਹੀਨੇ ਮਗਰੋਂ ਹੀ ਉਹਨਾਂ ਨੂੰ ਗੱਦਾਰ ਅਤੇ ਆਪਣੇ ਆਪ ਨੂੰ ਪੰਥ ਦਾ ਥੰਮ੍ਹ ਸਮਝਣ ਲੱਗ ਪਏ।

ਇਸ ਝਗੜੇ ਨੂੰ ਨਿਪਟਾਉਣ ਵਾਸਤੇ ਪੱਟੀ ਤੋਂ ਬਾਬਾ ਕਿਹਰ ਸਿੰਘ ਅਤੇ ਸਰਦਾਰ ਮਤਾਬ ਸਿੰਘ ਆਏ। ਉਹਨਾਂ ਮੀਟਿੰਗ ਵਿੱਚ ਸਰਦਾਰ ਕਾਹਨ ਸਿੰਘ ਹੁਰਾਂ ਨੂੰ ਸੱਦਿਆ ਅਤੇ ਸਮਝਾਉਣ ਲੱਗੇ ਆਖ਼ਰ ਉਹ ਇਸ ਗੱਲ 'ਤੇ ਮੰਨੇ ਕਿ ਜੋ ਕੁਝ ਉਹਨਾਂ ਦੇ ਖ਼ਿਲਾਫ਼ ਅਖ਼ਬਾਰ ਵਿੱਚ ਲਿਖਿਆ ਗਿਆ ਹੈ ਉਸ ਸਭ ਕੁਝ ਦੀ ਮਾਸਟਰ ਤਰਦੀਦ ਕਰ ਦੇਵੇ ਤਾਂ ਉਹ ਕਿਸੇ ਗੱਲ ਵਿੱਚ ਦਖ਼ਲ ਨਹੀਂ ਦੇਣਗੇ। ਪਰ ਮਾਸਟਰ ਇਸ ਗੱਲ 'ਤੇ ਭੁੜਕ ਪਿਆ, ਅਖੇ-"ਇਸ ਦਾ ਮਤਲਬ ਕਿ ਮੈਂ ਮੁਆਫੀ ਮੰਗਾਂ?" (ਯਾਦ ਰਹੇ ਕਿ ਇਹ ਉਹੀ ਮਾਸਟਰ ਸੀ ਜਿਸਨੇ ਅੱਗੇ ਆ ਕੇ ਥਾਂ-ਥਾਂ 'ਤੇ ਗਲਤੀਆਂ ਕੀਤੀਆਂ, ਮੁਆਫੀਆਂ ਮੰਗੀਆਂ ਅਤੇ ਤਨਖਾਹਾਂ (ਸਜ਼ਾ) ਲੁਆਈਆਂ।) ਖ਼ੈਰ ਸਮਝੌਤਾ ਨਾ ਹੋ ਸਕਿਆ। ਬਣੇ ਹੋਏ ਪ੍ਰੋਗਰਾਮ ਅਨੁਸਾਰ 'ਲੋਹ-ਪੱਖੀਆਂ' ਨੇ 'ਸਵਰਨ-ਸਿੰਘਾਂ' ਦੇ ਆਉਣ ਤੋਂ ਪਹਿਲਾਂ ਹੀ ਲੋਹੇ ਦੀਆਂ ਕਹੀਆਂ ਨਾਲ ਕਾਰ ਸੇਵਾ ਸ਼ੁਰੂ ਕਰ ਦਿੱਤੀ। ਜਦ ਸੋਨੇ ਦੀਆਂ ਕਹੀਆਂ

ਪਹੁੰਚੀਆਂ ਤਾਂ ਪਰਕਰਮਾਂ ਦੀ ਗਾਰ ਕੱਢ ਕੱਢ ਕੇ ਸੁੱਟੀ ਜਾ ਚੁੱਕੀ ਸੀ। ਇਸ ’ਤੇ ਮਾਸਟਰ ਨੇ ਅਖ਼ਬਾਰ ਵਿੱਚ ਵੀ ਅਤੇ ਜ਼ੁਬਾਨੀ ਵੀ ਬਹੁਤ ਗ਼ਲਤ ਤੇ ਸ਼ਰਮਨਾਕ ਪ੍ਰਚਾਰ ਕੀਤਾ। ਇਸੇ ਗ਼ਲਤ ਪ੍ਰਚਾਰ ਦਾ ਮੁਕਾਬਲਾ ਕਰਨ ਅਤੇ ਜਨਤਾ ਸਾਹਮਣੇ ਸਹੀ ਪੱਖ ਪੇਸ਼ ਕਰਨ ਵਾਸਤੇ ‘ਬਬਰ ਸ਼ੇਰ’ ਅਖ਼ਬਾਰ ਕੱਢਣੀ ਪਈ।

‘ਬੱਬਰ ਸ਼ੇਰ’ ਵਾਸਤੇ ਸਰਦਾਰ ਕਾਹਨ ਸਿੰਘ ਅਤੇ ਉਹਨਾਂ ਦੇ 25 ਸਾਥੀਆਂ ਨੇ ਆਪਣੇ ਪਾਸੋਂ ਸੌ ਸੌ ਰੁਪਈਆ ਪਾਇਆ। ਇਸ ਪੈਸੇ ਨਾਲ ਅਖ਼ਬਾਰ ਸ਼ੁਰੂ ਕੀਤੀ ਗਈ। ਉਸ ਵੇਲੇ ਰਾਜਸੀ ਮੁਆਮਲੇ ਵੀ ਉਹਨਾਂ ਨਾਲ ਉਲਝੇ ਹੋਏ ਸਨ ਅਤੇ ਮਾਸਟਰ ਗਰੁੱਪ ਅਤੇ ਗੁਰਦੁਵਾਰਾ ਪ੍ਰਬੰਧਕ ਕਮੇਟੀ ਵੀ ਉਹਨਾਂ ਦੀ ਕੱਟੜ ਵਿਰੋਧੀ ਸੀ। ਮਹਾਂਰਾਜਾ ਪਟਿਆਲਾ ਸਿੱਖਾਂ ਦੇ ਖ਼ਿਲਾਫ਼ ਸੀ। ਸਰਕਾਰ ਜਾਂ ਮਹਾਂਰਾਜੇ ਦੇ ਖ਼ਿਲਾਫ਼ ਜਿਹੜੀ ਵੀ ਰੀਪੋਰਟ ਉਹਨਾਂ ਨੂੰ ਮਿਲਦੀ ਉਹ ਪੂਰੀ ਦੀ ਪੂਰੀ ਛਾਪ ਦਿੰਦੇ। ਇਸ ਨਾਲ ਭਾਵੇਂ ਸਰਕਾਰੀ ਵਿਰੋਧਤਾ ਤਾਂ ਉਹਨਾਂ ਨੇ ਸਹੇੜ ਲਈ ਪਰ ‘ਬੱਬਰ ਸ਼ੇਰ’ ਜਨਤਾ ਦੀ ਆਵਾਜ਼ ਬਣ ਗਿਆ। ਜਨਤਾ ਨੇ ਵੀ ਉਸ ਨੂੰ ਸਦਾ ਪੂਰਾ ਪੂਰਾ ਸਹਿਯੋਗ ਦਿੱਤਾ। ਇਸੇ ਨਿਧੜਕਤਾ ਦੇ ਕਾਰਨ ਹੀ ਬਬਰ ਸ਼ੇਰ ਦੇ ਅਡੀਟਰ ਅਤੇ ਪ੍ਰਬੰਧਕ ਜ਼ਿਆਦਾ ਗ੍ਰਿਫ਼ਤਾਰ ਕੀਤੇ ਜਾਂਦੇ ਰਹੇ। ਸ: ਕਾਹਨ ਸਿੰਘ ਉਸ ਵੇਲੇ ਅਖ਼ਬਾਰ ਦੇ ਮੈਨੇਜਰ ਦੇ ਤੌਰ ’ਤੇ ਸੇਵਾ ਕਰ ਰਹੇ ਸਨ।

‘ਬਬਰ ਸ਼ੇਰ’ ਦੇ ਫੰਡ ਨੂੰ ਹੋਰ ਮਜ਼ਬੂਤ ਕਰਨ ਵਾਸਤੇ ਜਥੇਦਾਰ ਯੋਧ ਸਿੰਘ ‘ਕ੍ਰਿਪਾਨ ਬਹਾਦਰ’ ਮੀਤ-ਜਥੇਦਾਰ ਗੜਗੱਜ ਅਕਾਲੀ ਦੀਵਾਨ ਨੇ ਆਪਣੇ ਪਿੰਡ ਅੱਲੋਵਾਲ (ਨਜ਼ਦੀਕ ਖਲਚੀਆਂ) ਜ਼ਿਲ੍ਹਾ ਅੰਮ੍ਰਿਤਸਰ ਵਿੱਚ 21 ਅਤੇ 22 ਹਾੜ ਸੰਨ 1923 ਨੂੰ ਦੋ ਦਿਨਾਂ ਦੀ ਜਰਨਲ ਮੀਟਿੰਗ ਰੱਖ ਲਈ। ਉੱਥੇ ਖ਼ਾਲਸਾ ਪਹੁੰਚਿਆ ਤਾਂ ਜਰਨਲ ਮੀਟਿੰਗ ਲਈ ਹੀ ਸੀ ਪਰ ਜਾਪਦਾ ਇੰਜ ਸੀ ਜਿਵੇਂ ਕੋਈ ਸਵੰਬਰ ਰਚਿਆ ਹੋਵੇ। ਸਾਰਾ ਗੜਗੱਜ ਦੀਵਾਨ ਸਮੇਤ ਪਰਿਵਾਰਾਂ ਦੇ ਹੁੰਮ-ਹੁਮਾ ਕੇ ਪਹੁੰਚਿਆ। ਪਿੰਡ ਵਾਲਿਆਂ ਤੋਂ ਘੋੜੀਆਂ ਹੀ ਨਾ ਸਾਂਭੀਆਂ ਜਾਣ। ਬੜਾ ਠੱਠ ਬਣਿਆ। ਕਈ ਕੀਰਤਨੀ ਜਥੇ, ਢਾਡੀ ਜਥੇ, ਇੱਥੋਂ ਤੱਕ ਕਿ ਕੈਰੋਂ ਸਕੂਲ ਦੀਆਂ ਬੀਬੀਆਂ ਦਾ ਜਥਾ ਵੀ ਉੱਥੇ ਪਹੁੰਚਿਆ ਹੋਇਆ ਸੀ। ਐਡਾ ਮਹਾਨ ਦੀਵਾਨ ਇੱਕ ਛੋਟੇ ਜਿਹੇ ਪਿੰਡ ਵਿਚ ਵੇਖ ਕੇ ‘ਕ੍ਰਿਪਾਨ ਬਹਾਦਰ’ ਦੀ ਪ੍ਰਬੰਧਕੀ ਯੋਗਤਾ ’ਤੇ ਅਸ਼ ਅਸ਼ ਕਰਨ ਨੂੰ ਦਿਲ ਕਰਦਾ ਸੀ।

ਦੀਵਾਨ ਵਿੱਚ ਜਥੇਦਾਰ ਯੋਧ ਸਿੰਘ ਨੇ ਦੱਸਿਆ ਕਿ “ਮੀਟਿੰਗ ਤਾਂ ਹੋਣੀ ਹੀ ਹੈ ਪਰ ਮੈਂ ਚਾਹੁੰਦਾ ਹਾਂ ਕਿ ਆਪਣੀਆਂ ਦੋਂਹ ਬੀਬੀਆਂ ਦੀ ਸ਼ਾਦੀ ਵੀ ਗੁਰੂ ਕੀ ਸੰਗਤ ਦੀ ਹਾਜ਼ਰੀ ਵਿੱਚ ਹੀ ਕਰ ਦੇਵਾਂ। ਇਸ ਨਾਲੋਂ ਸ਼ੁਭ ਸਮਾਂ ਹੋਰ ਕਦੋਂ ਹੋਵੇਗਾ।” ਕਿਸੇ ਨੂੰ ਪਤਾ ਨਹੀਂ ਸੀ ਕਿ ਕਿਸ ਦੀ ਸ਼ਾਦੀ ਕਿਸ ਨਾਲ ਹੋਣੀ ਹੈ। ਬਸ ਉਸੇ ਵੇਲੇ ਸਲਾਹ ਬਣੀ ਅਤੇ ਗਿਆਨੀ ਡਰਜੀਤ ਸਿੰਘ ਕੋਟ ਧਰਮਚੰਦ (ਤਰਨ ਤਾਰਨ ਲਾਗੇ) ਦੀ ਸ਼ਾਦੀ ਜ: ਯੋਧ ਸਿੰਘ ਦੀ ਵੱਡੀ ਸਪੁੱਤਰੀ ਬੀਬੀ ਪ੍ਰੇਮ ਕੌਰ ਨਾਲ ਅਤੇ ਸ: ਕਾਹਨ ਸਿੰਘ ਦੀ ਸ਼ਾਦੀ ਛੋਟੀ ਸਪੁੱਤਰੀ ਬੀਬੀ ਸੰਤ ਕੌਰ ਨਾਲ ਕਰਨੀ ਮਿਥ ਲਈ ਗਈ। ਇਹੋ ਜਿਹੀ ਸ਼ਾਦੀ ਦੀ ਲਾਗੇ-ਬੰਨੇ ਬੜੀ ਚਰਚਾ ਹੋਈ। ਇਹ ਇੱਕ ਮਿਸਾਲ ਸੀ। ਜਦ ਸ: ਕਾਹਨ ਸਿੰਘ ਨੂੰ ਇਸ ਬਾਰੇ ਪੁੱਛਿਆ ਗਿਆ ਤਾਂ ਉਹਨਾਂ ਨੇ ਕੁਝ ਦਿਨਾਂ ਦੀ ਮੁਹਲਤ ਮੰਗੀ। ਉਹਨਾਂ ਦਾ ਖਿਆਲ ਸੀ ਕਿ ਘੱਟੋ ਘੱਟ ਭਰਾਵਾਂ ਨੂੰ ਤਾਂ ਨਾਲ ਲੈ ਆਂਦਾ ਜਾਵੇ। ਪਰ ਸ: ਸਰਨ ਸਿੰਘ ਨੇ ਉਹਨਾਂ ਨੂੰ ਇਹ ਕਹਿ ਕੇ ਚੁੱਪ ਕਰਾ ਦਿੱਤਾ ਕਿ “ਤੂੰ ਭਰਾਵਾਂ ਤੋਂ ਨਿਉਂਦਰਾ ਹੀ ਲੈਣਾ ਹੈ ਨਾ? ਵੇਖੀਂ ਤੈਨੂੰ ਕਿਵੇਂ ਨਿਉਂਦਰਾ ਪੈਂਦਾ ਹੈ। ਸਚ ਹੀ ਸ਼ਾਦੀ ਤੋਂ ਮਗਰੋਂ ਜਦੋਂ ਉਸ ਨੇ ‘ਬੱਬਰ ਸ਼ੇਰ’ ਵਾਸਤੇ ਚੰਦੇ ਦੀ ਅਪੀਲ ਕੀਤੀ ਤਾਂ ਵਿੰਹਦਿਆਂ

ਵਿੰਹਦਿਆਂ ਹੀ ਪੰਜ ਹਜ਼ਾਰ ਰੁਪਈਆਂ ਇਕੱਠਾ ਹੋ ਗਿਆ। ਤਿੰਨ ਹਜ਼ਾਰ ਨਕਦ ਅਤੇ ਦੋ ਹਜ਼ਾਰ ਇਕਰਾਰ ’ਤੇ। ਉਸ ਨੇ ਤਿੰਨ ਦਾ ਤਿੰਨ ਹਜ਼ਾਰ ਹੀ ਸ: ਕਾਹਨ ਸਿੰਘ ਦੀ ਝੋਲੀ ਵਿੱਚ ਪਾ ਦਿੱਤਾ ਅਤੇ ਕਿਹਾ-“ਲੈ ਭਾਈ ਸਿੰਘਾ, ਮੌਜਾਂ ਕਰ ਤੇ ਅਖ਼ਬਾਰ ਚਲਾ।” ਉਸ ਫੰਡ ਨਾਲ ਅਖ਼ਬਾਰ ਚੜ੍ਹਦੀਆਂ ਕਲਾਂ ਵਿੱਚ ਚਲਦੀ ਰਹੀ ਤੇ ਸਿੱਖੀ ਪ੍ਰਚਾਰ ਜ਼ੋਰ ਸ਼ੋਰ ਨਾਲ ਹੁੰਦਾ ਰਿਹਾ।

•

## ਜੈਤੋ ਦਾ ਮੋਰਚਾ

ਜੈਤੋ ਦਾ ਮੋਰਚਾ ਸੰਨ 1924 ਵਿੱਚ ਲੱਗਿਆ। ਇਸ ਦਾ ਅਸਲ ਕਾਰਨ ਤਾਂ ਰਾਜਸੀ ਸੀ, ਪਰ ਕਿਉਂਕਿ ਸਿੱਖੀ ਦੇ ਇੱਕ ਸਰਪਰਸਤ ਦਾ ਇਸ ਨਾਲ ਸਬੰਧ ਸੀ ਇਸ ਲਈ ਇਹ ਧਾਰਮਕ ਮੋਰਚੇ ਦਾ ਰੂਪ ਧਾਰ ਗਿਆ। ਇਹ ਮੋਰਚਾ ਸਿੰਘਾਂ ਦੀ ਸਭ ਤੋਂ ਕਠਿਨ ਪ੍ਰੀਖਿਆ ਸੀ। ਸਿੰਘਾਂ ਨੇ ਆਪਣੀਆਂ ਕਾਇਮ ਕੀਤੀਆਂ ਹੋਈਆਂ ਰਵਾਇਤਾਂ ਅਨੁਸਾਰ ਅੱਗ ਦਾ ਸਮੁੰਦਰ ਪਾਰ ਕਰ ਵਿਖਾਇਆ। ਪਰ ਜਿੱਥੇ ਉਹਨਾਂ ਨੇ ਅਸਹਿ ਅਤੇ ਅਕਹਿ ਕਸ਼ਟ ਹਸਦਿਆਂ ਹੋਇਆ ਝੱਲ ਕੇ ਆਪਣੇ ਫ਼ੌਲਾਦੀ ਇਰਾਦਿਆਂ ਦੀ ਅਜ਼ਮਾਇਸ਼ ਕਰਵਾਈ ਉੱਥੇ ਉਹਨਾਂ ਦੇ ਲੀਡਰਾਂ ਨੇ ਕਮਜ਼ੋਰ ਹਿਰਦੇ ਦਾ ਸਬੂਤ ਦਿੱਤਾ। ਇਹੋ ਹੀ ਮੋਰਚਾ ਸੀ ਜਿੱਥੇ ਸਿੰਘ ਸਭ ਤੋਂ ਵੱਧ ਜਾਨਾਂ ਹੂਲ ਕੇ ਜੂਝੇ ਪਰ ਨਤੀਜਾ ਬਦਨਾਮੀ ਤੋਂ ਬਿਨਾਂ ਹੋਰ ਕੁਝ ਨਾ ਨਿਕਲਿਆ। ਇਹ ਸ: ਕਾਹਨ ਸਿੰਘ ਹੁਰਾਂ ਦੀ ਜ਼ਿੰਦਗੀ ਦਾ ਆਖ਼ਰੀ ਮੋਰਚਾ ਸੀ। ਇਸ ਮਗਰੋਂ ਗੰਦੀ ਸਿਆਸਤ ਤੋਂ ਉਪਰਾਮ ਹੋ ਕੇ ਉਹ ਪਾਸੇ ਹੋ ਗਏ ਅਤੇ ਖੇਤੀਬਾੜੀ ਕਰਦਿਆਂ ਹੋਇਆਂ ਜਿੰਨੀ ਕੁ ਪੰਥਕ ਸੇਵਾ ਹੋ ਸਕੀ ਕਰਦੇ ਚਲੇ ਆ ਰਹੇ ਹਨ।

ਮਹਾਂਰਾਜਾ ਪਟਿਆਲਾ ਅਤੇ ਮਹਾਂਰਾਜਾ ਨਾਭਾ ਦੀ ਸ਼ੁਰੂ ਤੋਂ ਹੀ ਆਪਸ ਵਿਚ ਖਟਪਟੀ ਰਹਿੰਦੀ ਸੀ। ਮਹਾਂਰਾਜਾ ਪਟਿਆਲਾ ਵੀ ਭਾਵੇਂ ਸਿੱਖ ਸੀ ਪਰ ਉਹ ਅੰਗਰੇਜ਼ਾਂ ਦਾ ਪਿੱਠੂ ਅਤੇ ਸਿੱਖਾਂ ਦਾ ਦੁਸ਼ਮਣ ਸੀ। ਜਦ ਕਿ ਮਹਾਂਰਾਜਾ ਨਾਭਾ ਰਿਪੁਦਮਨ ਸਿੰਘ ਸਿੱਖੀ ਖ਼ਿਆਲਾਂ ਦਾ ਅਤੇ ਸਿੱਖਾਂ ਦਾ ਸਰਪਰਸਤ ਸੀ। ਅੰਗਰੇਜ਼ੀ ਸਰਕਾਰ ਵਿੱਚ ਮਹਾਂਰਾਜਾ ਪਟਿਆਲਾ ਦੀ ਚੰਗੀ ਤੂਤੀ ਬੋਲਦੀ ਸੀ। ਉਸ ਨੇ ਨਾਭੇ ’ਤੇ ਮੁਕੱਦਮਾ ਬਣਵਾ ਕੇ ਉਸਨੂੰ ਜਲਾਵਤਨ ਕਰਵਾ ਦਿੱਤਾ। ਇਸ ’ਤੇ ਪੰਥ ਵਿੱਚ ਬੜਾ ਰੋਸ ਮਨਾਇਆ ਗਿਆ। ਅਕਾਲੀ ਦਲ ਨੇ ਫ਼ੈਸਲਾ ਕੀਤਾ ਕਿ, ਕਿਉਂ ਕਿ ਮੁਕਦਮੇ ਦਾ ਸਿਰਫ਼ ਬਹਾਨਾ ਹੀ ਹੈ, ਇਹ ਸਾਜ਼ਿਸ਼ ਮਹਾਂਰਾਜੇ ਨਾਂਭੇ ਦਾ ਰਾਜ ਖੁਹਣ ਵਾਸਤੇ ਰਚੀ ਗਈ ਹੈ, ਇਸ ਲਈ ਉਸਨੂੰ ਦੋਬਾਰਾ ਗੱਦੀ ਤੇ ਬਹਾਲ ਕਰਵਾਇਆ ਜਾਵੇ। ਫ਼ੈਸਲੇ ਅਨੁਸਾਰ 20-25 ਆਦਮੀਆਂ ਦੇ ਜਥੇ ਨਾਭੇ ਜਾਣੇ ਸ਼ੁਰੂ ਹੋ ਗਏ। ਪੁਲੀਸ ਉਹਨਾਂ ਨੂੰ ਫੜ ਕੇ ਦੂਰ-ਦੁਰਾਡੇ ਛੱਡ ਆਉਂਦੀ। ਉਹ ਰੁਲਦੇ-ਖੁਲਦੇ ਫਿਰ ਵਾਪਸ ਆ ਜਾਂਦੇ। ਕੁਝ ਕੁ ਮਹੀਨੇ ਇਸੇ ਤਰ੍ਹਾਂ ਹੀ ਚਲਦਾ ਰਿਹਾ। ਫਿਰ ਸਲਾਹ ਬਣੀ ਕਿ ਅਖੰਡ ਪਾਠ ਰੱਖੇ ਜਾਣ ਅਤੇ ਭੋਗ ਸਮੇਂ ਮਹਾਂਰਾਜੇ ਦੀ ਬਹਾਲੀ ਵਾਸਤੇ ਅਰਦਾਸੇ ਕੀਤੇ ਜਾਣ। ਪਾਠ ਰੱਖੇ ਗਏ, ਪਰ ਅੰਗਰੇਜ਼ ਸਰਕਾਰ ਨੇ ਇਸ ਨੂੰ ਇੱਕ ਦੋ ਦਿਨਾਂ ਦਾ ਰੌਲਾ ਸਮਝ ਕੇ ਕੋਈ ਗ੍ਰਿਫਤਾਰੀ ਨਾ ਕੀਤੀ। ਪਰ ਜੈਤੋ ਵਿੱਚ ਮੋਰਚਾ ਹੋਰ ਗਰਮ ਹੋ ਜਾਣ ਦਾ ਕਾਰਨ ਬਣ

ਗਿਆ।

ਸਰਦਾਰ ਰਣਯੋਧ ਸਿੰਘ, ਗੁਰੂ ਕੇ ਬਾਗ ਦੇ ਪੈਨਸ਼ਨੀਏ ਜਥੇ ਦਾ ਜਥੇਦਾਰ ਸਨ। ਉਹ ਇਹਨਾਂ ਦਿਨਾਂ ਵਿੱਚ ਕਾਂਗਰਸੀ ਵਰਕਰ ਸੀ। ਉਸਦੇ ਵਰੰਟ ਨਿਕਲੇ ਹੋਏ ਸਨ। ਉਹ ਜੈਤੋ ਗੁਰਦੁਆਰੇ ਆ ਗਿਆ। ਥਾਣੇਦਾਰ ਨੇ ਜਦ ਉਸਦੀ ਮੰਗ ਕੀਤੀ ਤਾਂ ਜਥੇਦਾਰ ਨੇ ਕਿਹਾ ਕਿ ਮੈਂ ਤਾਂ ਗੁਰਦੁਵਾਰੇ ਵਿੱਚੋਂ ਸਿੰਘ ਨਹੀਂ ਫੜਾ ਸਕਦਾ। ਪੁਲੀਸ ਉਡੀਕ ਕਰਨ ਲੱਗ ਪਈ ਕਿ ਭੋਗ ਪੈ ਜਾਣ 'ਤੇ ਤਾਂ ਉਹ ਬਾਹਰ ਨਿਕਲੇਗਾ ਹੀ। ਪਰ ਗੱਲ ਕੁਝ ਐਸੀ ਬਣੀ ਕਿ ਭੋਗ ਤੋਂ ਮਗਰੋਂ ਹੋਰ ਪਾਠ ਰੱਖੇ ਜਾਣ ਦਾ ਪ੍ਰੋਗਰਾਮ ਬਣ ਗਿਆ। ਜਦ ਦੂਜਾ ਪਾਠ ਰੱਖ ਲਿਆ ਗਿਆ ਤਾਂ ਥਾਣੇਦਾਰ ਨੂੰ ਬੜਾ ਗੁੱਸਾ ਆਇਆ। ਉਸ ਨੇ ਗੁਰਦੁਵਾਰੇ ਵਿੱਚ ਵੜ ਕੇ ਰਣਯੋਧ ਸਿੰਘ ਨੂੰ ਗ੍ਰਿਫ਼ਤਾਰ ਕਰ ਲਿਆ। ਗ੍ਰੰਥੀ ਨੂੰ ਤਾਬਿਆ ਤੋਂ ਉਠਾ ਦਿੱਤਾ ਅਤੇ ਇੱਕ ਪੁਲਸੀਏ ਪਾਸੋਂ ਗੁਰੂ ਗ੍ਰੰਥ ਸਾਹਿਬ ਸੁਖ-ਆਸਣ ਕਰਵਾ ਕੇ ਗੁਰਦੁਵਾਰੇ ਨੂੰ ਜਿੰਦਰਾ ਮਰਵਾ ਦਿੱਤਾ। ਅਖੰਡ-ਪਾਠ ਖੰਡਿਤ ਹੋ ਜਾਣ 'ਤੇ ਸਾਰੇ ਪੰਥ ਵਿੱਚ ਰੋਹ ਦੀ ਲਹਿਰ ਫੈਲ ਗਈ। ਪੰਜ ਪੰਜ ਸੌ ਆਦਮੀਆਂ ਦੇ ਜਥੇ ਅਖੰਡ ਪਾਠ ਅਰੰਭਣ ਵਾਸਤੇ ਜੈਤੋ ਆਉਣੇ ਸ਼ੁਰੂ ਹੋ ਗਏ। ਹੁਣ ਪੰਥ ਅੱਗੇ ਨਿਸ਼ਾਨੇ ਸਨ, ਪਹਿਲਾ ਤਾਂ ਆਖੰਡ ਪਾਠ ਕਰਨਾ ਤੇ ਦੂਜਾ ਜਲਾਵਤਨ ਮਹਾਂਰਾਜੇ ਨੂੰ ਗੱਦੀ 'ਤੇ ਬਹਾਲ ਕਰਵਾਉਣਾ।

ਜੈਤੋ ਦਾ ਪਹਿਲਾ ਸ਼ਹੀਦੀ ਜਥਾ 21 ਫਗਣ ਸੰਨ 1924 ਨੂੰ ਪਹੁੰਚਿਆ। ਜਥੇ ਦੀ ਬੜੀ ਚੜ੍ਹਤ ਸੀ। ਉਸ ਜਥੇ 'ਤੇ ਗੋਲੀ ਚੱਲੀ। ਜਥੇ ਵਾਲੇ ਸਿੰਘਾਂ ਵਿਚੋਂ 13 ਸਿੰਘ ਅਤੇ ਬਾਹਰ ਦੀ ਸੰਗਤ ਵਿੱਚੋਂ ਅਣਗਿਣਤ ਹੀ ਆਦਮੀ ਸ਼ਹੀਦ ਹੋ ਗਏ। ਜਿਸਦੀ ਕੋਈ ਗਿਣਤੀ ਹੀ ਨਹੀਂ ਹੋ ਸਕੀ।

ਦੂਜੇ ਜਥੇ ਵਿਚ ਸ਼ਮਿਲ ਹੋਣ ਵਾਸਤੇ ਸ: ਕਾਹਨ ਸਿੰਘ ਵੀ ਅੰਮ੍ਰਿਤਸਰ ਪਹੁੰਚੇ, ਪਰ ਦੂਜੇ ਜਥੇ ਦੀ ਗਿਣਤੀ ਪੂਰੀ ਹੋ ਚੁੱਕੀ ਸੀ ਇਸ ਲਈ ਉਹਨਾਂ ਨੂੰ ਤੀਜੇ ਜਥੇ ਵਿੱਚ ਭੇਜਣ ਦਾ ਲਾਰਾ ਲਾ ਕੇ 'ਬੱਬਰ ਸ਼ੇਰ' ਦੀ ਇਕਰਾਰੀ ਉਗਰਾਹੀ ਕਰਨ ਵਾਸਤੇ ਗਿਆਨੀ ਹਰੀ ਸਿੰਘ ਆਦਿ ਸਿੰਘਾਂ ਨਾਲ ਭੇਜ ਦਿੱਤਾ ਗਿਆ। ਅਸਲ ਵਿੱਚ ਉਸ ਵੇਲੇ ਬਾਹਰ ਰਹਿ ਕੇ ਸੇਵਾ ਕਰਨ ਵਾਲਿਆਂ ਦੀ ਜ਼ਿਆਦਾ ਲੋੜ ਸੀ। ਤੀਜਾ ਜਥਾ 10 ਚੇਤਰ ਨੂੰ ਤੁਰਨਾ ਸੀ। ਨੌਂ ਚੇਤਰ ਨੂੰ ਸ: ਕਾਹਨ ਸਿੰਘ ਦੀ ਪਾਰਟੀ ਉਗਰਾਹੀ ਕਰਦੀ ਕਰਦੀ ਪੰਜਵੜ ਪਹੁੰਚ ਚੁੱਕੀ ਸੀ। ਗਿਆਨੀ ਹਰੀ ਸਿੰਘ ਨੇ ਉਹਨਾਂ ਦਾ ਦਿਲ ਟੂਹਣ ਵਾਸਤੇ ਕਿਹਾ-"ਅਜ ਤਾਂ ਕਰਮਾਂ ਵਾਲੇ ਜਥੇ ਵਿੱਚ ਜਾਣ ਵਾਸਤੇ ਆਪਣੇ ਨਾਂ ਲਿਖਵਾ ਰਹੇ ਹੋਣਗੇ।" ਪਰ ਉਹ ਚੁੱਪ ਹੀ ਰਹੇ। ਉਹ ਨਹੀਂ ਸੀ ਚਹੁੰਦੇ ਕਿ ਗਿਆਨੀ ਜੀ ਨੂੰ ਆਪਣੇ ਦਿਲ ਦੀ ਗੱਲ ਦੱਸ ਦੇਣ। ਰਾਤ ਨੂੰ ਬਾਕੀ ਸਾਥੀ ਤਾਂ ਗੱਲਾਂ ਬਾਤਾਂ ਕਰਨ ਲੱਗ ਪਏ ਪਰ ਸ: ਕਾਹਨ ਸਿੰਘ ਰਜ਼ਾਈ ਲੈ ਕੇ ਸੌਂ ਗਏ। ਜਦ ਸਾਥੀ ਸੌਂ ਗਏ ਤਾਂ ਉਹ ਉੱਠ ਬੈਠੇ। ਉਹਨਾਂ ਆਪਣੇ ਸਾਥੀ ਸ: ਮਤਾਬ ਸਿੰਘ ਪੰਡੋਰੀ ਨੂੰ ਇੱਕ ਚਿਠੀ ਲਿਖੀ ਕਿ-"ਮੈਂ ਤਾਂ ਅੰਮ੍ਰਿਤਸਰ ਜਥੇ ਵਿਚ ਸ਼ਾਮਿਲ ਹੋਣ ਜਾ ਰਿਹਾ ਹਾਂ, ਪਰ ਤੁਸਾਂ ਵੀ ਨਾ ਮੁੜ ਆਉਣਾ। ਤੁਸਾਂ ਆਪਣਾ ਸਾਰਾ ਕੰਮ ਮੁਕਾ ਕੇ ਹੀ ਮੁੜਨਾ।" ਉਸ ਵੇਲੇ ਅੱਧੀ ਕੁ ਰਾਤ ਦਾ ਸਮਾਂ ਸੀ। ਪੰਦਰਾਂ ਕੁ ਮੀਲ ਪੈਦਲ ਤੁਰਕੇ ਸੂਰਜ ਚੜ੍ਹਦੇ ਨਾਲ ਬਬਰ-ਸ਼ੇਰ ਦੇ ਦਫ਼ਤਰ ਪਹੁੰਚ ਗਏ। ਉੱਥੇ ਉਹਨਾਂ ਦੇ ਨਾਲ ਹੋਰ ਵੀ ਸਿੰਘ ਆਏ ਹੋਏ ਸਨ। ਉਹ 25 ਸਿੰਘ ਨਾਲ ਲੈ ਕੇ ਜਥੇ ਦੀ ਹਾਜ਼ਰੀ ਵਿਚ ਹਾਜ਼ਰ ਹੋ ਗਏ।

10 ਚੇਤਰ ਸੰਨ 1924 ਨੂੰ ਤੀਜੇ ਜਥੇ ਨੂੰ ਤੋਰਨ ਲੱਗਿਆਂ ਬੜਾ ਭਾਰੀ ਇਕੱਠ ਹੋਇਆ। ਉੱਥੇ ਡਾ. ਕਿਚਲੂ ਸਾਹਿਬ ਨੇ ਵੀ ਸੰਖੇਪ ਜਿਹੀ ਤਕਰੀਰ ਕੀਤੀ।

ਵਡਾਇਗੀ ਦਿੱਤੀ ਅਤੇ ਜਥੇ ਦੀ ਹੌਂਸਲਾ ਅਫ਼ਜਾਈ ਕੀਤੀ। ਜਥੇਦਾਰ ਨੇ ਅਰਦਾਸਾ ਕਰਕੇ ਹਾਰ ਪਾਏ ਅਤੇ ਜਥਾ ਵਿਦਾ ਕੀਤਾ। ਜਥਾ ਸਤਾਰਾਂ ਦਿਨਾਂ ਵਿੱਚ ਸਾਰੇ ਪੜਾ ਮੁਕਾ ਕੇ ਜੈਤੋ ਪਹੁੰਚਿਆ। ਅਜੇ ਦੋ ਕੁ ਪੜਾ ਰਹਿੰਦੇ ਹੀ ਸਨ ਜਦ ਫੌਜੀ ਰਸਾਲਾ ਆ ਮਿਲਿਆ। ਉਹ ਜਥੇ ਦੇ ਦੋਹੀਂ ਪਾਸੀਂ ਰਹਿੰਦਾ। ਜਿੱਥੇ ਪੜਾ ਹੁੰਦਾ ਉੱਥੇ ਜਥਾ ਵੀ ਆਪਣੇ ਬਿਗਲ ਵਜਾਉਂਦਾ ਅਤੇ ਰਸਾਲਾ ਵੀ। ਬੜਾ ਰੌਣਕ ਮੇਲਾ ਲੱਗਦਾ। ਵਦਾਈ ਸਮੇਂ ਜਥੇ ਤੋਂ ਪ੍ਰਣ ਤਾਂ ਲਿਆ ਸੀ ਕਿ ਜਾਂ ਤਾਂ ਪਾਠ ਕਰਨਾ ਹੈ ਜਾਂ ਸ਼ਹੀਦੀ ਪਾਉਣੀ ਹੈ ਪਰ ਢੁਕਾਅ ਵੇਲੇ ਕਮੇਟੀ ਵੱਲੋਂ ਹੁਕਮ ਭੇਜ ਦਿੱਤਾ ਗਿਆ ਕਿ ਭਾਵੇਂ ਪੁਲੀਸ ਕੱਚੇ ਧਾਗੇ ਨਾਲ ਵੀ ਬੰਨੇ ਤੁਸੀਂ ਬੱਝ ਜਾਉ। ਮਤਲਬ ਕਿ ਗ੍ਰਿਫ਼ਤਾਰੀ ਦੇ ਦਿਉ। ਲੀਡਰਾਂ ਦੀ ਕਮਜ਼ੋਰ ਅਤੇ ਮੌਕਾ-ਤਾੜੂ ਪਾਲਿਸੀ ਦਾ ਇਹ ਪਹਿਲਾ ਸਬੂਤ ਸੀ। ਇਹ ਅਰਦਾਸੇ ਦੇ ਉਲਟ ਸੀ, ਸਿੱਖੀ ਅਸੂਲਾਂ ਦੇ ਖ਼ਿਲਾਫ਼ ਸੀ ਪਰ ਡਿਸਿਪਲਨ ਕਾਇਮ ਰੱਖਣ ਵਾਸਤੇ ਕਮੇਟੀ ਦੇ ਹੁਕਮ ਨੂੰ ਸਿਰ ਮੱਥੇ ਮੰਨਿਆਂ ਗਿਆ। ਸ: ਸੋਹਣ ਸਿੰਘ ਜੋਸ਼ ਜੈਤੋ ਦੇ ਮੋਰਚੇ ਦਾ ਇਤਿਹਾਸ ਲਿਖਦਿਆਂ ਪੁੱਛ ਕਰਦਾ ਹੈ ਕਿ "ਇਕ ਸਿੰਘ ਚਾਰ ਪੁਲਸੀਆਂ ਨੇ ਲਤਾਂ ਬਾਹਾਂ ਤੋਂ ਫੜ੍ਹਿਆ ਹੋਇਆ ਸੀ, ਉਹ ਛੁੱਟਣ ਦੀ ਕੋਸ਼ਿਸ਼ ਕਰ ਰਿਹਾ ਸੀ ਅਤੇ ਕਾਬੂ ਨਹੀਂ ਸੀ ਆ ਰਿਹਾ। ਪਤਾ ਨਹੀਂ ਕਿਉਂ?"

ਅਸਲ ਵਿੱਚ ਗੱਲ ਇਹ ਸੀ ਕਿ ਉਹ ਨਿਰਮਲਾ ਸਿੰਘ ਗ੍ਰਿਫ਼ਤਾਰੀ ਦੇਣ ਤੋਂ ਇਨਕਾਰੀ ਸੀ। ਉਹ ਜ਼ਿਦ ਕਰ ਰਿਹਾ ਸੀ ਕਿ ਜਾਂ ਤਾਂ ਉਹ ਸ਼ਹੀਦ ਹੋਵੇਗਾ ਜਾਂ ਅਖੰਡ-ਪਾਠ ਕਰੇਗਾ।

ਹਾਂ, ਸਾਰੇ ਜਥੇ ਨੂੰ ਰੱਸਿਆਂ ਨਾਲ ਬੰਨ੍ਹ ਕੇ ਇੱਕ ਵਾੜੇ ਵਿੱਚ ਸੁੱਟ ਦਿੱਤਾ। ਸਾਰੀ ਰਾਤ ਕਿਸੇ ਰੋਟੀ ਪਾਣੀ ਨਾ ਪੁੱਛਿਆ। ਅਗਲੇ ਦਿਨ ਰੋਟੀ ਦਾ ਇੰਤਜ਼ਾਮ ਕੀਤਾ ਗਿਆ। ਪਰ ਸਿੰਘਾਂ ਨੇ ਇਨਕਾਰ ਕਰ ਦਿੱਤਾ। ਉਹਨਾਂ ਨੂੰ ਗਿਲਾ ਸੀ ਕਿ ਉਹਨਾਂ ਨੂੰ ਸਾਰੀ ਰਾਤ ਬੰਨ੍ਹ ਕੇ ਘੱਟੇ ਵਿੱਚ ਸੁੱਟ ਛੱਡਿਆ ਸੀ ਤੇ ਉਹ ਲਿਬੜੇ ਹੋਏ ਅੰਨ ਪਾਣੀ ਖਾਣ ਦੇ ਯੋਗ ਹੀ ਨਹੀਂ ਸਨ। ਇਸ 'ਤੇ ਟੂਟੀਆਂ ਵਿੱਚ ਪਾਣੀ ਪਵਾ ਦਿੱਤਾ ਗਿਆ। ਸਿੰਘਾਂ ਇਸ਼ਨਾਨ ਕੀਤਾ ਤੇ ਫਿਰ ਪਰਸ਼ਾਦੇ ਛਕੇ।

ਦਿਨੇ ਜਥੇਦਾਰਾਂ ਨੂੰ ਬੁਲਾਇਆ ਗਿਆ। ਉਹਨਾਂ ਅੱਗੇ ਹਾਕਮਾਂ ਨੇ ਸ਼ਰਤ ਰੱਖੀ ਕਿ ਪਾਠ ਕਰਕੇ ਵਾਪਸ ਚਲੇ ਜਾਣ ਬਾਰੇ ਲਿਖ ਕੇ ਦੇ ਦਿੱਤਾ ਜਾਵੇ ਤਾਂ ਆਖੰਡ ਪਾਠ ਦੀ ਇਜਾਜ਼ਤ ਦਿੱਤੀ ਜਾ ਸਕਦੀ ਹੈ। ਜਥੇਦਾਰ ਨੇ ਕਿਹਾ ਕਿ "ਪਾਠ ਤਾਂ ਅਸੀਂ ਬਾਕੀ ਸਾਰੀਆਂ ਸ਼ਰਤਾਂ ਮੰਨਵਾ ਕੇ ਕਰਨਾ ਹੈ। ਪਹਿਲਾਂ ਮਹਾਂਰਾਜੇ ਨੂੰ ਵਾਪਸ ਬੁਲਵਾ ਕੇ ਬਹਾਲ ਕੀਤਾ ਜਾਵੇ। ਫਿਰ ਸਾਰੇ ਸਿੰਘ ਬਿਨਾਂ ਸ਼ਰਤ ਤੋਂ ਰਿਹਾ ਕੀਤੇ ਜਾਣ। ਜੈਤੋ ਆਉਣ ਤੋਂ ਰੋਕ ਹਟਾਈ ਜਾਵੇ, ਤਾਂ ਅਸੀਂ ਅਖੰਡ ਪਾਠ ਆਰੰਭ ਕਰਦੇ ਹਾਂ।" ਹਾਕਮਾਂ ਕਿਹਾ ਕਿ ਸਲਾਹ ਕਰਕੇ ਅੱਗਲੇ ਦਿਨ ਦੱਸਿਆ ਜਾਵੇਗਾ। ਅਗਲੇ ਦਿਨ ਫਿਰ ਸੱਦਿਆ ਗਿਆ ਪਰ ਫ਼ੈਸਲਾ ਕੋਈ ਨਾ ਹੋ ਸਕਿਆ। ਫਿਰ ਜਥੇ ਨੂੰ ਨਾਭੇ ਦੀ ਜਿਹਲ ਵਿੱਚ ਭੇਜ ਦਿੱਤਾ ਗਿਆ ਜਿੱਥੇ ਉਹ ਤਕਰੀਬਨ ਡੇਢ ਸਾਲ ਰਿਹਾ। ਨਾਭੇ ਦੀ ਜਿਹਲ ਦੀ ਸਭ ਤੋਂ ਅਹਿਮ ਘਟਨਾ, 'ਕਾਰਖਾਸ' ਦੀ ਸਜ਼ਾ ਸੀ, ਜਿੱਥੇ ਬੰਦੇ ਦੇ ਸਭ ਖੋਟ ਝਾੜ ਦਿੱਤੇ ਜਾਂਦੇ ਸਨ ਅਤੇ ਬੰਦਾ 'ਕੁੰਦਨ' ਹੋ ਕੇ ਬਾਹਰ ਨਿਕਲਦਾ ਸੀ।

# ਕਾਰਖਾਸ ਦੀਆਂ ਸਜ਼ਾਵਾਂ

ਜਿਹਲ ਵਿੱਚ ਦਿੱਤੇ ਜਾਂਦੇ ਤਸੀਹਿਆਂ ਵਿੱਚੋਂ ਕਾਰਖਾਸ ਦਾ ਸਿਲਸਿਲਾ ਸਭ ਤੋਂ ਭਿਆਨਕ ਸੀ। ਇਹ ਅਜ-ਕਲ੍ਹ ਦੇ ਇੰਟੈਰੋਗੇਸ਼ਨ ਸੈਂਟਰਾਂ ਨਾਲੋਂ ਵੱਧ ਬੇਰਹਿਮ ਅਤੇ ਖ਼ਤਰਨਾਕ ਸੀ। ਤੀਜੇ ਜਥੇ ਵਾਲੇ ਤਕਰੀਬਨ ਸਾਰੇ ਸਿੰਘ ਇਸ ਘਾਟੀ ਵਿੱਚੋਂ ਲੰਘਾਏ ਗਏ ਸਨ। ਜਿਨਾਂ ਨੇ ਕਾਰਖਾਸ ਵਿੱਚ ਮੁਆਫ਼ੀ ਨਹੀਂ ਮੰਗੀ, ਉਹ ਇਸ ਕੁਠਾਲੀ ਵਿੱਚੋਂ ਸ਼ੁੱਧ ਸੋਨਾ ਬਣ ਕੇ ਨਿਕਲੇ। ਬਹੁਤ ਖ਼ੁਸ਼ੀ ਅਤੇ ਮਾਣ ਵਾਲੀ ਗੱਲ ਇਹ ਹੈ ਕਿ ਇਸ ਮੌਤ ਦੇ ਮੂੰਹ ਵਿੱਚ ਪੈ ਕੇ ਵੀ ਬਹੁਤ ਹੀ ਘੱਟ ਸਿੰਘ ਐਸੇ ਨਿਕਲੇ ਜਿਨ੍ਹਾਂ ਨੇ ਮੁਆਫ਼ੀ ਮੰਗੀ ਹੋਵੇਗੀ।

ਕਾਰਖ਼ਾਸ ਲੈ ਜਾਣ ਵਾਸਤੇ ਪੁਲੀਸ ਜਿਹਲਾਂ ਵਿੱਚ ਜਾਂਦੀ। ਸਿੰਘਾਂ ਨੂੰ ਲਾਈਨਾਂ ਵਿੱਚ ਖੜਾ ਕਰ ਲਿਆ ਜਾਂਦਾ। ਜਿਹੜੇ ਸਿੰਘ ਕੁਝ ਮੁਰਝਾਏ ਨਜ਼ਰ ਆਉਂਦੇ, ਉਹਨਾਂ ਨੂੰ ਕੱਢ ਕੇ ਕਾਰਖ਼ਾਸ ਲੈ ਜਾਂਦੇ। ਉਹ ਵਿਚਾਰੇ ਜਾਂਦੇ ਹੀ ਮੁਆਫ਼ੀ ਮੰਗ ਲੈਂਦੇ। ਇਹ ਗੱਲ ਮੋਰਚੇ ਦੇ ਹਿੱਤ ਵਿਚ ਬੜੀ ਮਾਰੂ ਸਾਬਤ ਹੋਈ। ਇੰਜ ਤਾਂ ਤਕੜੇ ਦਿਲਾਂ ਵਾਲੇ ਵੀ ਵੇਖੋ ਵੇਖੀ ਮੁਆਫ਼ੀ ਮੰਗ ਸਕਦੇ ਸਨ। ਇਸ ਲਈ ਜਥੇਦਾਰਾਂ ਦੀ ਮੀਟਿੰਗ ਬੁਲਾ ਕੇ ਇਹ ਵਿਚਾਰ ਰੱਖੀ ਗਈ ਕਿ ਕਾਰਖ਼ਾਸ ਵਾਸਤੇ ਸਿੰਘ ਸਿੱਧੇ ਹੱਥੀਂ ਨਾ ਦਿੱਤੇ ਜਾਣ। ਸਿੰਘ ਲੈ ਜਾਣ ਵਾਸਤੇ ਵੀ ਜਿਹਲ ਵਿੱਚ ਪੁਲੀਸ ਨੂੰ ਘੋਲ ਕਰਨਾ ਪਵੇ ਅਤੇ ਜਿਹਲ ਵਿੱਚ ਹੀ ਤਸ਼ੱਦਦ ਸ਼ੁਰੂ ਹੋ ਜਾਵੇ। ਤਾਂ ਉੱਥੇ ਹੀ ਖਿੱਚ ਧੂਹ ਅਤੇ ਮਾਰ ਕੁਟਾਈ ਇੰਨੀ ਹੋ ਜਾਵੇ ਕਿ ਕਾਰਖ਼ਾਸ ਦੇ ਤਸੀਹੇ ਸਿੰਘਾਂ ਨੂੰ ਡਰਾ ਨਾ ਸਕਣ। ਇਹ ਸਾਰੀ ਸਕੀਮ ਸਃ ਕਾਹਨ ਸਿੰਘ ਅਤੇ ਸਃ ਹਜ਼ਾਰਾ ਸਿੰਘ ਧੀਰਕਾ ਦੀ ਸੀ। ਜਿਹੜੀ ਬਹੁਤ ਹੀ ਕਾਰਗਾਰ ਸਾਬਤ ਹੋਈ। ਪਹਿਲਾਂ ਪਹਿਲਾਂ ਤਾਂ ਦੂਜੀਆਂ ਜਿਹਲਾਂ ਦੇ ਜਥੇਦਾਰਾਂ ਨੇ ਮੰਨ ਕੇ ਵੀ ਇਸ ਤੇ ਅਮਲ ਨਾ ਕੀਤਾ ਪਰ ਜਦੋਂ ਇੱਕ ਸਿੰਘ ਰਾਤ ਜਿਹਲ ਟੱਪ ਕੇ ਅੰਮ੍ਰਿਤਸਰ ਤੋਂ ਕਮੇਟੀ ਦਾ ਲਿਖਤੀ ਹੁਕਮ ਲੈ ਕੇ ਆਇਆ ਤਾਂ ਕਾਰਖ਼ਾਸ ਵਾਸਤੇ ਸਿੰਘ ਦੇਣ ਸਮੇਂ ਪੂਰੀ ਜੱਦੋਜਹਿਦ ਕੀਤੀ ਜਾਂਦੀ, ਜਿਸ ਨਾਲ ਸਿੰਘ ਜਿਹਲ ਵਿੱਚੋਂ ਹੀ ਗ਼ਰਮ ਹੋ ਕੇ ਜਾਂਦੇ ਅਤੇ ਕਾਰਖਾਸ ਦੇ ਤਸੀਹਿਆਂ ਨੂੰ ਖਿੜੇ ਮੱਥੇ ਝੱਲਦੇ।

ਇਸ ਫ਼ੈਸਲੇ ਤੋਂ ਅਗਲੇ ਦਿਨ ਹੀ ਜਦ ਪੁਲੀਸ ਸਿੰਘਾਂ ਨੂੰ ਲੈਣ ਆਈ ਤਾਂ ਸਿੰਘ ਇੱਕ ਦੂਜੇ ਦੇ ਪਿੱਛੇ ਚੌਂਕੜੀਆਂ ਮਾਰ ਕੇ ਲਾਈਨ ਵਿਚ ਬੈਠ ਗਏ। ਇੱਕ ਦੂਜੇ ਨੂੰ ਜੱਫੀਆਂ ਪਾ ਕੇ ਸੰਗਲ ਵਾਂਗ ਪੱਕੀ ਲਾਈਨ ਬਣਾ ਲਈ। ਸਃ ਕਾਹਨ ਸਿੰਘ ਨੇ ਸਭ ਤੋਂ ਅਗਲੇ ਸਿੰਘ ਨੂੰ ਆਪਣੀ ਜੱਫੀ ਵਿੱਚ ਕੱਸਿਆ ਹੋਇਆ ਸੀ। ਪੁਲੀਸ ਨੇ ਆਉਂਦਿਆਂ ਹੀ ਪੁੱਛਿਆ-'ਫੌਜਾਂ ਤਿਆਰ ਨੇ?'' ਤਾਂ ਸਿੰਘਾਂ ਜੈਕਾਰਾ ਛੱਡਿਆ। ਪੁਲੀਸ ਨੇ ਲਾਈਨ ਵਿੱਚੋਂ ਆਦਮੀ ਖਿੱਚਣ ਦੀ ਕੋਸ਼ਿਸ਼ ਕਰਨੀ ਸ਼ੁਰੂ ਕਰ ਦਿੱਤੀ। ਕੋਈ ਵੀ ਸਿੰਘ ਦੂਜੇ ਨੂੰ ਨਹੀਂ ਸੀ ਛੱਡ ਰਿਹਾ। ਸਭ ਤੋਂ ਜ਼ਿਆਦਾ ਜ਼ੋਰ ਪਹਿਲੇ ਸਿੰਘ ਨੂੰ ਖੁਹਣ 'ਤੇ ਲਾਇਆ ਜਾ ਰਿਹਾ ਸੀ। ਜਿਸ ਨੂੰ ਸਃ ਕਾਹਨ ਸਿੰਘ ਨੇ ਜਕੜਿਆ ਹੋਇਆ ਸੀ। ਬਾਕੀ ਸਿੰਘ ਉਹਨਾਂ ਤੋਂ ਪਿੱਛੇ ਆਪਣੇ ਤੋਂ ਅਗਲਿਆਂ ਨੂੰ ਜੱਫੀਆਂ ਵਿੱਚ ਜਕੜੀ ਬੈਠੇ ਸਨ। ਸਃ ਕਾਹਨ ਸਿੰਘ ਦੀ ਕਰਿੰਘੜੀ ਇੰਨੀ ਸਖ਼ਤ ਸੀ ਕਿ ਚਾਰ ਚਾਰ ਪੁਲਸੀਆਂ ਪਾਸੋਂ ਵੀ ਉਹ ਟੁੱਟ ਨਾ ਸਕੀ। ਪਿੱਛੋਂ ਸਿੰਘ ਜੈਕਾਰੇ ਛੱਡ ਰਹੇ ਸਨ ਤੇ ਕਹਿ ਰਹੇ ਸਨ-''ਜਥੇਦਾਰ ਜੀ ਤਕੜੇ ਹੋ ਜਾਉ।'' ਆਖ਼ਿਰ ਇੱਕ ਸਿਪਾਹੀ ਆਇਆ। ਤਕੜਾ ਅਤੇ ਉੱਚਾ ਲੰਮਾ ਦਿਉ ਵਰਗਾ। ਉਸ ਨੂੰ ਆਮ ਸਿਪਾਹੀ ਨਾਲੋਂ ਦੁਗਣੀ ਖ਼ੁਰਾਕ ਮਿਲਦੀ ਸੀ। ਉਸਨੇ ਦੋਂਹ ਸਿਪਾਹੀਆਂ ਨੂੰ ਸਃ ਕਾਹਨ ਸਿੰਘ ਦੀ ਖੱਬੀ ਬਾਂਹ

ਫੜ੍ਹਨ ਲਈ ਕਿਹਾ ਅਤੇ ਸੱਜੀ ਬਾਂਹ ਫੜ੍ਹ ਕੇ ਜ਼ਮੀਨ 'ਤੇ ਪੱਕੇ ਪੈਰ ਟਿਕਾ ਕੇ ਬੋਲਿਆ– 'ਹਿੱਚ' ਪਰ ਹੱਥਾਂ ਦਾ ਕਰਿੰਘੜਾ ਫਿਰ ਵੀ ਨਾ ਟੁੱਟਿਆ। ਸਿਪਾਹੀ ਅਗਲੇ ਸਿੰਘ ਦੀਆਂ ਲੱਤਾਂ ਖਿੱਚਣ ਲਗ ਪਏ ਪਰ ਫਿਰ ਵੀ ਉਸਨੂੰ ਖੋਹ ਨਾ ਸਕੇ। ਨੱਥੂ ਚੀਫ਼ ਪੁਲਸੀਆਂ ਨੂੰ ਡੰਡੇ ਮਾਰੇ ਕਿ ਤੁਸੀਂ ਛੁਡਾਉਂਦੇ ਕਿਉਂ ਨਹੀਂ। ਖ਼ੈਰ ਇੰਨੇ ਚਿਰ ਨੂੰ ਪੁਲੀਸ ਨੇ ਪਿੱਛੋਂ ਲਾਈਨ ਵਿੱਚੋਂ ਖਿੱਚਕੇ ਸਿੰਘਾਂ ਦੀ ਗਿਣਤੀ ਪੂਰੀ ਕਰ ਲਈ ਸੀ। ਸੀਟੀ ਵੱਜੀ ਤਾਂ ਪੁਲੀਸ ਤੀਹਾਂ ਆਦਮੀਆਂ ਨੂੰ ਲੈ ਕੇ ਚਲੀ ਗਈ। ਸਿੰਘਾਂ ਬੜੇ ਜੈਕਾਰੇ ਛੱਡੇ। ਸ: ਕਾਹਨ ਸਿੰਘ ਨੂੰ ਮੋਢਿਆਂ 'ਤੇ ਚੁੱਕੀ ਫਿਰਨ। ਵਾਰਡ ਵਿੱਚ ਮੇਲੇ ਵਰਗੀ ਰੌਣਕ ਸੀ। ਲੋਕ ਗੱਲਾਂ ਕਰ ਰਹੇ ਸਨ ਕਿ ਜਥੇਦਾਰ ਸਰੀਰੋਂ ਤਾਂ ਐਨਾ ਵੱਡਾ ਨਹੀਂ ਪਰ ਤਕੜਾ ਬੜਾ ਨਿਕਲਿਆ।

ਉਸ ਦਿਨ ਸ: ਕਾਹਨ ਸਿੰਘ ਦੇ ਤਕਰੀਬਨ ਸਾਰੇ ਸਾਥੀ ਕਾਰਖਾਸ ਜਾ ਚੁੱਕੇ ਸਨ। ਉਹਨਾਂ ਵੀ ਸੋਚਿਆ ਕਿ ਆਪਾਂ ਵੀ ਚੱਲੀਏ। (ਮੁਆਫ਼ੀ ਮੰਗਣ ਨਹੀਂ ਸਗੋਂ ਕਾਰਖ਼ਾਸ ਦੇ ਨਜ਼ਾਰੇ ਵਿੱਚ ਸ਼ਰੀਕ ਹੋਣ ਲਈ) ਅਗਲੇ ਦਿਨ ਉਹਨਾਂ ਜਥੇਦਾਰ ਨੂੰ ਆਖਿਆ ਕਿ ਉਹ ਅਜ ਸਭ ਤੋਂ ਅੱਗੇ ਬੈਠਣਾ ਚਾਹੁੰਦੇ ਹਨ। ਸ: ਗਹਿਲ ਸਿੰਘ ਵਰਪਾਲਾਂ ਵਾਲਾ ਪਹਿਲਵਾਨ ਅਖਣ ਲੱਗਾ–"ਤੈਨੂੰ ਅਸੀਂ ਜਾਣ ਦੇਵਾਂਗੇ? ਅੱਜ ਤੈਨੂੰ ਮੈਂ ਜੱਫਾ ਮਾਰੂੰਗਾਂ।" ਉਸ ਨੂੰ ਆਪਣੇ ਸਰੀਰ 'ਤੇ ਬੜਾ ਮਾਣ ਸੀ ਪਰ ਜਦੋਂ ਪੁਲਸੀਏ ਪਏ ਤਾਂ ਉਹ ਜ਼ਰਾ ਵੀ ਨਾ ਅੜ ਸਕਿਆ। ਸ: ਕਾਹਨ ਸਿੰਘ ਨੂੰ ਪੁਲਸੀਏ ਝੱਟ ਹੀ ਉਸ ਤੋਂ ਖੁਹ ਕੇ ਲੈ ਗਏ। ਲੱਤਾਂ ਬਾਹਾਂ ਤੋਂ ਚੁੱਕ ਕੇ ਉਹਨਾਂ ਨੇ ਟਰਾਲੀ ਵਿੱਚ ਸੁੱਟ ਲਿਆ। ਜਦ ਪਿੱਛੇ ਵੇਖਿਆ ਤਾਂ ਪਹਿਲਵਾਨ ਹੁਰੀਂ ਵੀ ਹੂਟੇ ਲੈਂਦੇ ਲੈਂਦੇ ਪਿੱਛੇ ਪਿੱਛੇ ਤੁਰੇ ਆਉਣ।

ਕਾਰਖ਼ਾਸ ਲਿਜਾ ਕੇ ਸਾਰਿਆਂ ਨੂੰ ਹਾਤੇ ਵਿੱਚ ਖਿਲਾਰ ਕੇ ਸੁੱਟ ਦਿੱਤਾ ਗਿਆ। ਪੁਲਸੀਆਂ ਦੀ ਇੱਕ ਟੋਲੀ ਆਈ ਅਤੇ ਆਪਣੀ ਮਰਜ਼ੀ ਮੁਤਾਬਕ ਸਾਰੇ ਸਿੰਘਾਂ ਨੂੰ ਕੁੱਟ ਕੇ ਚਲੀ ਗਈ। ਉਸੇ ਵੇਲੇ ਦੂਜੀ ਟੋਲੀ ਆਈ। ਉਸ ਨੇ ਇਹ ਨਹੀਂ ਵੇਖਿਆ ਕਿ ਮਾਰ ਖਾਣ ਵਾਲਿਆਂ ਵਿੱਚ ਸਾਹ ਸੱਤ ਹੈ ਵੀ ਕਿ ਨਹੀਂ, ਉਹ ਵੀ ਆਪਣਾ ਜ਼ੋਰ ਅਜ਼ਮਾ ਕੇ ਚਲੀ ਗਈ। ਇੰਜ ਵਾਰੀ ਵਾਰੀ ਕਈ ਟੋਲੀਆਂ ਆਈਆਂ ਰਾਤ ਤੱਕ ਇਸੇ ਤਰ੍ਹਾਂ ਚਲਦਾ ਰਿਹਾ। ਰਾਤ ਨੂੰ ਉਹ ਰੋਟੀ ਖਾਣ ਚਲੇ ਗਏ ਅਤੇ ਸ਼ਰਾਬਾਂ ਪੀ ਕੇ ਫਿਰ ਸਿੰਘਾਂ ਦੇ ਦੁਵਾਲੇ ਆਣ ਹੋਏ। ਉਹ ਇੱਕ ਇੱਕ ਨੂੰ ਲੱਤਾਂ ਤੋਂ ਫੜ੍ਹ ਕੇ ਉਲਟਾ ਕੇ ਮਾਰਦੇ ਤੇ ਸਿੱਧੇ ਹੁੰਦਿਆਂ ਨੂੰ ਫਿਰ ਖਿੱਚ ਲੈਂਦੇ।

ਕਾਰਖ਼ਾਸ ਵਿਚ ਇੱਕ ਕੋਠੜੀ ਸੀ। ਉਸ ਵਿੱਚ ਇੱਕ ਮੇਜ਼ ਰੱਖਿਆ ਹੋਇਆ ਸੀ। ਮੇਜ਼ ਦੇ ਚਾਰੇ ਪਾਸੇ ਪੁਲਸੀਏ ਕੁਰਸੀਆਂ ਡਾਹ ਕੇ ਬੈਠੇ ਹੋਏ ਸਨ। ਉਹ ਇੱਕ ਇੱਕ ਸਿੰਘ ਨੂੰ ਫੜ੍ਹ ਕੇ ਮੇਜ਼ 'ਤੇ ਬਿਠਾ ਲੈਂਦੇ। ਹੱਥ ਪਿਛਾਂਹ ਕਰਕੇ ਪੁੱਠੀ ਹਥਕੜੀ ਮਾਰ ਕੇ ਸੰਗਲੀ ਛੱਤ ਨਾਲ ਲੱਗੀ ਚਰਖੜੀ ਉੱਤੋਂ ਦੀ ਲੰਘਾ ਕੇ ਖਿੱਚ ਲੈਂਦੇ। ਜਦੋਂ ਸਮਝਦੇ ਕਿ ਮੇਜ਼ ਤੋਂ ਭਾਰ ਚੁੱਕਿਆ ਗਿਆ ਹੈ। ਤਾਂ ਮੇਜ਼ ਪਾਸੇ ਕਰ ਦਿੰਦੇ। ਸਿੰਘ ਤੋਰੀ ਵਾਂਗ ਲਟਕਦਾ ਅਤੇ ਪੁਲਸੀਏ ਪੀਂਘ ਵਾਂਗ ਹੂਟਾ ਦੇ ਛਡਦੇ। ਲਟਕਦੇ ਸਿੰਘ ਨੂੰ ਪਹਿਲਾਂ ਤਾਂ ਪਸੀਨਾ ਆਉਂਦਾ, ਫਿਰ ਉਹ ਠੰਡਾ ਹੋਣਾ ਸ਼ੁਰੂ ਹੋ ਜਾਂਦਾ। ਜਦੋਂ ਜਾਣਦੇ ਕਿ ਇਹ ਮਰ ਜਾਵੇਗਾ ਪਰ ਮੁਆਫ਼ੀ ਨਹੀਂ ਮੰਗੇਗਾ ਤਾਂ ਉਸ ਨੂੰ ਹੇਠਾਂ ਲਾਹ ਲੈਂਦੇ। ਇੰਜ ਆਦਮੀ ਬਿਲਕੁਲ ਮੁਰਦੇ ਹਾਰ ਹੋ ਜਾਂਦਾ। ਉਸਦੇ ਮੋਢੇ ਨਿਕਲ ਜਾਂਦੇ। ਕਈ ਸਿੰਘ ਕਈ ਕਈ ਮਹੀਨੇ ਆਪਣੀਆਂ ਪੱਗਾਂ ਵੀ ਆਪ ਬੰਨ੍ਹ ਸਕਣ ਦੇ ਯੋਗ ਨਾ ਰਹੇ। ਇਹ ਸਜ਼ਾ ਦੇਣ

ਲੱਗਿਆਂ। ਜ਼ਾਲਿਮ-ਪੁਲੀਸ ਨੇ ਕਿਸੇ ਦੇ ਸ਼ਰੀਰ ਅਤੇ ਉਮਰ ਆਦਿ ਦਾ ਵੀ ਬਿਲਕੁਲ ਖਿਆਲ ਨਾ ਰੱਖਿਆ ਅਤੇ ਨਾ ਹੀ ਸਿੰਘਾਂ ਨੇ ਹੀ ਕਿਸੇ ਕਸ਼ਟ ਨੂੰ ਆਪਣੀ ਸਹਿਨ ਸ਼ਕਤੀ ਤੋਂ ਜ਼ਿਆਦਾ ਸਮਝ ਕੇ ਕੋਈ ਹਿਚਕਚਾਹਟ ਵਿਖਾਈ।

ਇੱਕ ਪਿੰਡ ਪੱਧਰੀ ਦਾ ਬਾਬਾ ਸੁੰਦਰ ਸਿੰਘ ਸੀ। ਉਸਦਾ ਸਰੀਰ ਬੜਾ ਭਾਰਾ ਸੀ। ਉਸਦਾ ਭਾਰ ਤਕਰੀਬਨ ਪੌਣੇ ਤਿੰਨ ਮਣ ਹੋਵੇਗਾ। ਕੁੱਟਣ ਵਾਲਿਆਂ ਨੇ ਕਿਹਾ ਕਿ ਇਹ ਤਾਂ ਬੁੱਢਾ ਹੈ, ਮੁਆਫ਼ੀ ਮੰਗ ਲਵੇਗਾ। ਇਸ ਲਈ ਉਸ ਨੂੰ ਇਕ ਪਾਸੇ ਬਿਠਾ ਦਿੱਤਾ। ਪਰ ਬਾਬਾ ਆਖਣ ਲੱਗਾ-"ਕਮਲਿਉ ਭੁਲੇਖੇ ਵਿੱਚ ਨਾ ਰਿਹਾ ਜੇ, ਮੈਂ ਮੁਆਫ਼ੀ ਕੋਈ ਨਹੀਂ ਜੇ ਮੰਗਣੀ।" ਥਾਣੇਦਾਰ ਆਖਣ ਲੱਗਾ-"ਬੱਲੇ ਉਏ ਬਾਬਾ, ਅਸੀਂ ਤਾਂ ਪੁੱਤ ਬਣਾ ਕੇ ਮੁਆਫ਼ੀ ਮੰਗਵਾ ਲੈਂਦੇ ਹਾਂ।"

"ਚੰਗਾ ਬਈ ਜੇ ਮੈਂ ਨਾ ਮੰਗੀ ਤਾਂ?"

"ਤਾਂ ਅਸੀਂ ਤੇਰੇ ਪੁੱਤ ਹੋਏ ਬਾਬਾ।"

"ਚੰਗਾ ਫਿਰ ਚੰਗਾ।" ਬਾਬੇ ਆਖਿਆ। ਪੁਲੀਸ ਵਾਲੇ ਉਸਨੂੰ ਕੁੱਟਦੇ ਮਾਰਦੇ ਤੇ ਤੰਗ ਕਰਦੇ ਰਹੇ। ਪੁੱਠੀ ਹੱਥਕੜੀ ਲਾ ਕੇ ਟੰਗ ਦਿੱਤਾ। ਜਦ ਉਸਨੂੰ ਪੁੱਠੀ ਹਥਕੜੀ ਲਾਈ ਤਾਂ ਨਾਲ ਦੇ ਸਿੰਘਾਂ ਸੋਚਿਆ ਕਿ ਹੁਣ ਬਾਬਾ ਮਰਿਆ। ਬੁੱਢਾ ਆਦਮੀ, ਤਿੰਨ ਮਣ ਦੀ ਦੇਹ, ਪਰ ਬਾਬਾ ਉੱਥੇ ਵੀ ਤਕੜਾ ਰਿਹਾ। ਉਸ ਨੇ ਮੁਆਫ਼ੀ ਨਾ ਹੀ ਮੰਗੀ।

ਇੱਕ ਸੀ ਠੱਟੀਆਂ ਦਾ ਬਾਬਾ ਬਘੇਲ ਸਿੰਘ। ਜਦੋਂ ਉਸ ਨੂੰ ਟੰਗਿਆ ਤਾਂ ਉਹ ਬੜਾ ਔਖਾ ਹੋਇਆ। ਆਖਣ ਲੱਗਾ-"ਹੇ ਵਾਹਿਗੁਰੂ, ਹੇ ਸਤਿਗੁਰੂ, ਲੋਕੀਂ ਤੇਰੇ ਕੋਲੋਂ ਕਈ ਕੁਝ ਮੰਗਦੇ ਹਨ। ਪਰ ਮੈਂ ਤਾਂ ਤੇਰੇ ਕੋਲੋਂ ਇੱਕੋ ਹੀ ਚੀਜ਼ ਮੰਗਦਾ ਹਾਂ।" ਮਤਲਬ ਕਿ ਉਸਨੂੰ ਮੌਤ ਦੀ ਇੱਛਾ ਸੀ। ਥਾਣੇਦਾਰ ਆਖਣ ਲੱਗਾ-"ਤੂੰ ਐਨੇਂ ਜੁ ਤਰਲੇ ਲੈਂਦਾ ਏ, ਤੂੰ ਮੇਰੇ ਨਾਲ ਗੱਲ ਕਰ ਖਾਂ। ਮੈਨੂੰ ਤੂੰ ਆਪਣਾ ਨਾਂ ਦੱਸ ਦੇ ਤੇ ਮੈਂ ਤੈਨੂੰ ਹੁਣੇ ਛੱਡ ਦਿੰਦਾ ਹਾਂ।" ਪਰ ਉਸਨੇ ਆਪਣਾ ਨਾਂ ਨਾ ਦੱਸਿਆ। ਥਾਣੇਦਾਰ ਕਹਿਣ ਲੱਗਿਆ-"ਉਏ ਬਾਪੂ ਦੱਸ ਦੇਹ। ਉਏ ਚਾਚਾ ਦੱਸ ਦੇਹ।" ਫਿਰ ਕਹਿੰਦਾ ਦੱਸ ਦੇ ਰੱਬ ਦਾ ਵਾਸਤਾ ਈ ਨਾਂ ਦੱਸ ਦੇਹ। ਗੁਰੂ ਦਾ ਵਾਸਤਾ ਈ ਨਾਂ ਦੱਸ ਦੇ।" ਬਘੇਲ ਸਿੰਘ ਬੋਲਿਆ-"ਚੰਗਾ ਲਾਹ ਲੈ ਹੇਠਾਂ।" ਉਸ ਨੂੰ ਹੇਠਾਂ ਲਾਹ ਲਿਆ। ਜਦੋਂ ਸੁਰਤ ਟਿਕਾਣੇ ਹੋਈ ਤਾਂ ਥਾਣੇਦਾਰ ਨੇ ਪੁੱਛਿਆ-"ਦੱਸ ਨਾਂ ਆਪਣਾ?" ਉਹ ਥਾਣੇਦਾਰ ਨੂੰ ਪੁੱਛਣ ਲੱਗਿਆ-"ਤੂੰ ਆਪਣੇ ਬਚਨ 'ਤੇ ਕਾਇਮ ਰਹੇਂਗਾ? ਮੈਂ ਤਾਂ ਨਾਂ ਦੱਸ ਹੀ ਦੇਊਂ?" ਉਸ ਕਿਹਾ-"ਆਹੋ ਰਹੂੰ ਬਚਨ 'ਤੇ।" ਤਾਂ ਬਘੇਲ ਸਿੰਘ ਨੇ ਨਾਂ ਦੱਸ ਦਿੱਤਾ। ਨਾਲ ਦੇ ਸਿੰਘ ਵੀ ਡੋਲੇ ਕਿ ਜਿਹੜਾ ਨਾਂ ਦਸਣ ਲੱਗ ਪਿਆ ਹੈ ਕੀ ਪਤਾ ਅੱਗੇ ਵੀ ਤੁਰ ਪਵੇ। ਪਰ ਜਦੋਂ ਥਾਣੇਦਾਰ ਨੇ ਉਸਦੇ ਪਿਉ ਦਾ ਨਾਂ ਪੁੱਛਿਆ ਤਾਂ ਆਖਣ ਲੱਗਾ-"ਮੈਨੂੰ ਉੱਥੇ ਹੀ ਟੰਗ ਦੇਹ। ਮੈਂ ਕੋਈ ਮੌਤ ਤੋਂ ਡਰਦਿਆਂ ਨਾਂ ਦੱਸਿਆ ਸੀ? ਤੂੰ ਗੁਰੂ ਦਾ ਵਾਸਤਾ ਪਾਇਆ ਸੀ। ਤੇ ਗੁਰੂ ਵਾਸਤੇ ਹੀ ਤਾਂ ਅਸੀਂ ਇਥੇ ਆਏ ਹਾਂ, ਜੇ ਗੁਰੂ ਦਾ ਵਾਸਤਾ ਵੀ ਨਾ ਮੰਨਿਆਂ ਤਾਂ ਅਸੀਂ ਸਿੱਖ ਹੀ ਕੀ ਹੋਏ? ਹੁਣ ਤੂੰ ਮੈਨੂੰ ਉੱਥੇ ਹੀ ਟੰਗ ਦੇਹ।" ਥਾਣੇਦਾਰ ਸੰਤਾ ਸਿੰਘ ਵੀ ਐਸਾ ਚੰਡਾਲ ਨਿਕਲਿਆ ਕਿ ਉਸਨੇ ਫਿਰ ਉਸਨੂੰ ਟੰਗ ਦਿੱਤਾ। ਅਖ਼ੀਰ ਜਦੋਂ ਹਾਲਤ ਬਹੁਤ ਖ਼ਰਾਬ ਹੋ ਗਈ ਤਾਂ ਲਾਹ ਲਿਆ।

ਸ: ਰਤਨ ਸਿੰਘ ਸਾਹਨਕੇ ਨੂੰ ਜਦੋਂ ਟੰਗ ਕੇ ਹੂਟਾ ਦਿੰਦੇ ਤੇ ਮੁਆਫ਼ੀ ਮੰਗਣ ਵਾਸਤੇ ਆਖਦੇ ਤਾਂ ਉਹ ਕਹਿੰਦਾ-"ਸਿੱਖੀ ਸਿਦਕ ਬਖ਼ਸ਼ੀਂ ਵਾਹਿਗੁਰੂ।" ਇਸੇ ਤਰ੍ਹਾਂ ਪਟਿਆਲੇ ਦੇ ਇੱਕ ਨੌਜਵਾਨ ਸਿੰਘ ਨੂੰ ਪੁੱਠਾ ਕਰਕੇ ਖੂਹ ਵਿੱਚ ਡੋਬ ਛੱਡਦੇ। ਜਦ ਕੱਢਦੇ ਤਾਂ ਮੁਆਫੀ ਮੰਗਣ ਲਈ ਪੁੱਛਦੇ। ਉਸਦੇ ਨਾਂਹ ਕਰਨ 'ਤੇ ਫਿਰ ਡੋਬ ਦਿੰਦੇ।

ਕਈਆਂ ਦੇ ਪਾਵਿਆਂ ਹੇਠ ਵੀ ਹੱਥ ਦਿੰਦੇ ਤੇ ਉੱਤੇ ਪੰਜ-ਪੰਜ ਸੱਤ-ਸੱਤ ਪੁਲਸੀਏ ਬੈਠ ਜਾਂਦੇ। ਦੋਂਹ ਦੋਂਹ ਸਿੰਘਾਂ ਦੇ ਕੇਸ ਫੜ੍ਹ ਕੇ ਆਪਸ ਵਿੱਚ ਮੱਥੇ ਵੀ ਟਕਰਾਉਂਦੇ। ਇੰਜ ਸਾਰੇ ਹੀ ਸਿੰਘਾਂ ਨੂੰ ਇਹਨਾਂ ਔਖੇ ਤੋਂ ਔਖੇ ਕਸ਼ਟਾਂ ਵਿੱਚੋਂ ਲੰਘਣਾ ਪਿਆ। ਸਿੰਘ ਹਰ ਤਸੀਹੇ ਨੂੰ ਹੌਸਲੇ ਨਾਲ ਸਹਿੰਦੇ ਰਹੇ ਅਤੇ 'ਗੁਰੂ ਕੀ ਫ਼ਤਹਿ ਗਜਾਉਂਦੇ ਰਹੇ। ਨਾ ਜ਼ੁਲਮ ਵੱਲੋਂ ਕੋਈ ਕਸਰ ਬਾਕੀ ਰਹੀ ਅਤੇ ਨਾ ਹੀ ਸਿੰਘਾਂ ਦੇ ਸਿਦਕ ਅਤੇ ਹੌਸਲੇ ਵਿੱਚ ਕੋਈ ਕਮੀ ਨਜ਼ਰ ਆਈ। ਭਾਵੇਂ ਕਾਰਖ਼ਾਸ ਦੇ ਤਸੀਹਿਆਂ ਦੌਰਾਨ ਕੋਈ ਸਿੰਘ ਸ਼ਹੀਦ ਨਹੀਂ ਸੀ ਹੋਇਆ ਪਰ ਉੱਥੋਂ ਦੀ ਮਾਰ ਕੁਟਾਈ ਦੇ ਅਸਰ ਨਾਲ ਮਗਰੋਂ ਕਈ ਸਿੰਘ ਸ਼ਹੀਦ ਹੋਏ। ਸ: ਕਾਹਨ ਸਿੰਘ ਭਾਵੇਂ ਸਰੀਰੋਂ ਬੜੇ ਕਰੜੇ ਸਨ ਪਰ ਕਾਰਖ਼ਾਸ ਦੇ ਜ਼ੁਲਮ ਨੇ ਉਹਨਾਂ ਦੇ ਵੀ ਹੱਡ ਕੜਕਾ ਸੁੱਟੇ। ਉਹਨਾਂ ਦਾ ਪਿੰਡਾ ਤਵੇ ਵਾਂਗ ਕਾਲਾ ਹੋ ਗਿਆ। ਚੰਗਾ ਅਤੇ ਮਿਹਰਬਾਨ ਡਾਕਟਰ ਮਿਲ ਜਾਣ ਕਾਰਨ ਭਾਵੇਂ ਰਾਜ਼ੀ ਤਾਂ ਹੋ ਗਏ ਪਰ ਹੱਡਾਂ ਦੀਆਂ ਸੱਟਾਂ ਹੁਣ ਵੀ ਬੁਢਾਪੇ ਵਿੱਚ ਰੜਕ ਮਾਰਦੀਆਂ ਹਨ।

## ਜੈਤੋ ਦੇ ਮੋਰਚੇ ਦਾ ਸਮਝੌਤਾ

ਜੈਤੋ ਦੇ ਮੋਰਚੇ ਵਿੱਚ ਸ: ਕਾਹਨ ਸਿੰਘ ਨੇ ਬਾਕੀ ਸਿੰਘਾਂ ਵਾਂਗ ਹੀ ਆਪਣੇ ਫ਼ੌਲਾਦੀ ਜਿਸਮ, ਦ੍ਰਿੜ-ਇਰਾਦੇ ਤੇ ਅਣਖੀ ਸੁਭਾਅ ਦਾ ਇਮਤਿਹਾਨ ਦਿੱਤਾ। ਪਰ ਸਮਝੌਤੇ ਦੇ ਰੂਪ ਵਿੱਚ ਜੋ ਨਤੀਜਾ ਨਿਕਲਿਆ ਉਸ ਨਾਲ ਉਹ ਅਤੇ ਉਹਨਾਂ ਵਰਗੇ ਗ਼ੈਰਤਮੰਦ ਇਨਸਾਨ ਕਦੀ ਵੀ ਸਹਿਮਤ ਨਹੀਂ ਹੋ ਸਕਦੇ। ਜਦ ਕਿ ਸਿੱਖੀ ਸਿਦਕ, ਅਣ-ਗਿਣਤ ਗ੍ਰਿਫਤਾਰੀਆਂ, ਭਾਰਤ ਦੀਆਂ ਸਾਰੀਆਂ ਸਿਆਸੀ ਪਾਰਟੀਆਂ ਦੀ ਮੋਰਚੇ ਨਾਲ ਹਮਾਇਤ ਅਤੇ ਬਦੇਸ਼ਾਂ ਵਿੱਚ ਹੁੰਦੀ ਅੰਗੇਜ਼ਾਂ ਦੀ ਬਦਨਾਮੀ ਨੇ ਅੰਗ੍ਰੇਜ਼ਾਂ ਦਾ ਨੱਕ ਵਿਚ ਦਮ ਕੀਤਾ ਹੋਇਆ ਸੀ, ਉਦੋਂ ਅਕਾਲੀ ਦਲ ਦੀ ਕਮੇਟੀ ਦਾ ਆਪਣੀ ਮੁਖ ਮੰਗ (ਮਹਾਂਰਾਜੇ ਦੀ ਬਹਾਲੀ) ਛੱਡ ਕੇ ਸਮਝੌਤਾ ਕਰ ਲੈਣਾ ਸਰਾਸਰ ਡਰਪੋਕ ਅਤੇ ਗਲਤ ਕੰਮ ਸੀ। ਇਹ ਮੋਰਚਾ ਲੱਗਿਆ ਹੀ ਮਹਾਂਰਾਜਾ ਨਾਭਾ ਦੀ ਹਮਾਇਤ ਵਿੱਚ ਸੀ। ਜੇ ਉਸੇ ਦੀ ਬਹਾਲੀ ਨੂੰ ਛੱਡ ਦਿੱਤਾ ਜਾਵੇ ਤਾਂ ਮੋਰਚੇ ਦਾ ਮਕਸਦ ਹੀ ਕੀ ਰਹਿ ਜਾਂਦਾ ਹੈ। ਖ਼ੈਰ ਕਮੇਟੀ ਨੇ ਆਪਣੀ ਇਹ ਇੱਕੋ ਇੱਕ ਮੰਗ ਛੱਡ ਦਿੱਤੀ ਅਤੇ ਸਰਕਾਰ ਨੇ ਆਖੰਡ-ਪਾਠ ਕਰਨ ਦੀ ਇਜਾਜ਼ਤ ਦੇ ਦਿੱਤੀ। ਇਹ ਇਜਾਜ਼ਤ ਤਾਂ ਉਹ ਪਹਿਲਾਂ ਵੀ ਦੇਣ ਨੂੰ ਤਿਆਰ ਸੀ। ਦੂਜੀ ਵੱਡੀ ਮੰਗ ਸੀ ਕਿ ਸਾਰੇ ਸਿੰਘਾਂ ਨੂੰ ਬਿਨਾਂ ਕਿਸੇ ਸ਼ਰਤ ਦੇ ਇਕੱਠਿਆ ਰਿਹਾ ਕੀਤਾ ਜਾਵੇ। ਉਹ ਵੀ ਪੂਰੀ ਨਾ ਹੋ ਸਕੀ। ਸਰਕਾਰ ਨੇ ਕਿੰਨੇ ਹੀ ਜਥੇਦਾਰ ਪੱਕੀਆਂ ਜਿਹਲਾਂ ਵਿੱਚ ਭੇਜੇ ਹੋਏ ਸਨ, ਜਿਵੇਂ ਤੀਜੇ ਜਥੇ ਦੇ ਹੀ ਮੀਤ ਜਥੇਦਾਰ ਉੱਤਮ ਸਿੰਘ, ਮੀਤ-ਜਥੇਦਾਰ ਜ: ਜੋਗਾ ਸਿੰਘ, ਕੰਪਨੀ ਕਮਾਂਡਰ ਸ: ਨਿਹਾਲ ਸਿੰਘ ਆਦਿ ਨੂੰ ਬਾਕੀ ਸਿੰਘਾਂ ਤੋਂ ਬਹੁਤ ਚਿਰ ਮਗਰੋਂ ਰਿਹਾ ਕੀਤਾ ਗਿਆ।

ਇਸੇ ਕਾਰਨ ਜਦ ਸਮਝੌਤਾ ਹੋ ਜਾਣ 'ਤੇ ਪੁਲੀਸ ਨੇ ਕਹਿ ਦਿੱਤਾ ਕਿ ਹੁਣ ਤੁਸੀਂ ਆਜ਼ਾਦ ਹੋ ਤਾਂ ਸ: ਕਾਹਨ ਸਿੰਘ ਅਤੇ ਉਹਨਾਂ ਦੇ ਸਾਥੀ ਜਿਹਲੋਂ ਬਾਹਰ ਨਾ ਆਏ। ਉਹ ਬਜ਼ਿੱਦ ਸਨ ਕਿ ਉਹਨਾਂ ਨੂੰ ਉਹਨਾਂ ਦੇ ਜਥੇਦਾਰ ਪਹਿਲਾਂ ਦਿੱਤੇ ਜਾਣ। ਫਿਰ ਉਹਨਾਂ ਨੂੰ ਪਿੰਡਾਂ ਦੀ ਬਜਾਏ ਜੈਤੋ ਪਹੁੰਚਾਇਆ ਜਾਵੇ, ਜਿੱਥੇ ਉਹ ਆਖੰਡ-ਪਾਠ ਕਰਨਗੇ ਅਤੇ ਜੈਤੋ ਆਉਣ ਦੀ ਸਭ ਨੂੰ ਖੁੱਲ੍ਹ ਦਿੱਤੀ ਜਾਵੇ। ਬਾਕੀ ਮੰਗਾਂ ਤਾਂ ਮੰਨੀਆਂ ਗਈਆਂ ਪਰ ਕਿਉਂਕਿ ਉਹਨਾਂ ਦੇ ਜਥੇਦਾਰ ਰਿਹਾ ਨਾ ਕੀਤੇ ਗਏ। ਇਸ ਲਈ ਜਿਹਲ ਦੇ ਦਰਵਾਜ਼ੇ ਖੁੱਲ੍ਹੇ ਰਹਿਣ 'ਤੇ ਵੀ ਉਹ ਸਤਾਰਾਂ ਦਿਨ ਬਾਹਰ ਨਾ ਨਿਕਲੇ। ਅੰਤ

ਅਕਾਲ ਤਖ਼ਤ ਦੇ ਜਥੇਦਾਰ ਦੀਦਾਰ ਸਿੰਘ, ਸ: ਦਿਆਲ ਸਿੰਘ ਅਟਾਰੀ, ਸ: ਰਣਜੀਤ ਸਿੰਘ ਬਾਬਾ ਬਕਾਲਾ ਅਤੇ ਕੁਝ ਹੋਰ ਸੱਜਣ ਉਹਨਾਂ ਕੋਲ ਆਏ। ਉਹਨਾਂ ਕਿਹਾ–"ਗੁਰੂ ਕੇ ਪਿਆਰਿਓ, ਮੋਰਚਾ ਫ਼ਤਿਹ ਹੋ ਚੁਕਿਆ ਹੈ (ਅਸਲ ਵਿੱਚ ਮੋਰਚਾ ਫੇਲ੍ਹ ਹੋਇਆ ਸੀ) ਗੁਰੂ ਦੀਆਂ ਖ਼ੁਸ਼ੀਆਂ ਪ੍ਰਾਪਤ ਕਰੋ। ਸੰਗਤਾਂ ਤੁਹਾਡੇ ਦੀਦਾਰੇ ਕਰਨ ਨੂੰ ਤਾਂਘ ਰਹੀਆਂ ਹਨ। ਉਹਨਾਂ ਨੂੰ ਦਰਸ਼ਨ ਦਿਉ।" ਨਾਲ ਹੀ ਉਹਨਾਂ ਜਾਮਨੀ ਲਈ ਕਿ ਉਹ ਜਥੇਦਾਰਾਂ ਨੂੰ ਜੈਤੋ ਮਿਲਾ ਦੇਣਗੇ। ਇਸ ਲਈ ਮਜਬੂਰ ਹੋ ਕੇ ਸਿੰਘਾਂ ਨੂੰ ਉਹਨਾਂ ਦੀ ਗੱਲ ਮੰਨਣੀ ਹੀ ਪਈ। ਪੁਲੀਸ ਉਨ੍ਹਾਂ ਨੂੰ ਜੈਤੋ ਦੀ ਗੱਡੀ ਚੜ੍ਹਾ ਗਈ। ਪਰ ਜਥੇਦਾਰ ਬਹੁਤ ਦੇਰ ਮਗਰੋਂ ਬਾਹਰ ਆ ਸਕੇ। ਦੋ ਤਿੰਨ ਦਿਨ ਰਹਿਕੇ ਜਥੇ ਦੇ ਸਿੰਘ ਤਰਨ ਤਾਰਨ ਆਏ, ਪਰ ਰਾਹ ਵਿਚ ਉਹਨਾਂ ਵੇਖਿਆ ਕਿ ਉਹਨਾਂ ਵਾਸਤੇ ਰਸਤੇ ਵਿੱਚ ਸਟੇਸ਼ਨਾਂ 'ਤੇ ਕੋਈ ਉਤਸ਼ਾਹ ਨਹੀਂ ਸੀ। ਕੋਈ ਉਹਨਾਂ ਦੇ ਦਰਸ਼ਨਾਂ ਵਾਸਤੇ ਨਹੀਂ ਸੀ ਪਹੁੰਚਿਆ। ਉਹਨਾਂ ਜਾਂਦਿਆਂ ਹੋਇਆਂ ਜਿਹੜੀ ਚੜ੍ਹਤ ਵੇਖੀ ਸੀ, ਉਸਦਾ ਸਰੂਰ ਇਹ ਢਹਿੰਦੀ ਕਲਾ ਵੇਖ ਕੇ ਟੁੱਟ ਚੁੱਕਿਆ ਸੀ। ਤਰਨ ਤਾਰਨ ਤੋਂ ਪੈਦਲ ਉਹ ਅੰਮ੍ਰਿਤਸਰ ਪਹੁੰਚੇ। ਉੱਥੇ ਅਕਾਲ ਤਖ਼ਤ 'ਤੇ ਉਹਨਾਂ ਨੂੰ ਸਿਰੋਪਾ ਦੇ ਕੇ ਵਿਦਾ ਕੀਤਾ ਗਿਆ। ਪਰ ਕਿਤੇ ਵੀ ਉਤਸ਼ਾਹ ਜਾਂ ਚਾਅ ਨਜ਼ਰ ਨਹੀਂ ਸੀ ਆਉਂਦਾ।

ਸ਼ਾਹ ਮੁਹੰਮਦ ਨੇ ਇਹ ਬੈਂਤ ਸ਼ਾਇਦ ਇਹੋ ਜਿਹੇ ਸਮੇਂ ਵਾਸਤੇ ਹੀ ਲਿਖਿਆ ਸੀ :

"ਅੱਜ ਹੋਵੇ ਸਰਕਾਰ ਤਾਂ ਮੁੱਲ ਪਾਵੇ,
ਜਿਹੜੀਆਂ ਖਾਲਸੇ ਨੇ ਤੇਗ਼ਾਂ ਮਾਰੀਆਂ ਨੇ।
ਸ਼ਾਹ ਮੁਹੰਮਦਾ ਇੱਕ ਸਰਕਾਰ ਬਾਝੋਂ,
ਫੌਜਾਂ ਜਿੱਤ ਕੇ ਅੰਤ ਨੂੰ ਹਾਰੀਆਂ ਨੇ।"

•♣•